# ਸਾਂਝੀ ਵਿਰਾਸਤ

ਅੰਕ 44 ਜਿਲਦ 4 1-ਭਾਦੋਂ 557 / 16-ਅਗਸਤ 2025



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

## ਵਿਸ਼ਾ ਸੂਚੀ (1-ਭਾਦੋਂ 557 / 16-ਅਗਸਤ 2025 ਅੰਕ)


| | | | |
|---|---|---|---|
| 1 | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2 | ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3 | ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4 | ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ (ਭਾਗ-3) ਵਿਆਕਰਣਿਕ ਵਿਆਖਿਆ | ਡਾ. ਸਰਦਾਰ ਚਮਕੌਰ ਸਿੰਘ ਬਰਾੜ | 6 |
| 5 | ਸ਼ਹਾਦਤਾਂ ਦੇ ਸਫਰ ਦੇ ਗੁੱਝੇ ਭੇਦ (ਭਾਗ-4) | ਸਰਦਾਰਨੀ ਗੁਰਨਾਮ ਕੌਰ | 9 |
| 6 | ਪੇਂਡੂ ਪੰਜਾਬ ਦੇ ਇਤਿਹਾਸ ਦਾ ਵਿਲੱਖਣ ਅਜਾਇਬ ਘਰ, ਕਿਵੇਂ ਬਣਿਆਂ, ਕੀ ਦਰਸਾਉਂਦਾ ਹੈ (ਭਾਗ 2) | ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਿਜੈ ਸਿੰਘ | 11 |
| 7 | ਸ਼ਹੀਦ ਊਧਮ ਸਿੰਘ ਦੇ ਨਾਂ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 14 |
| 8 | " ਈਕੋਜ਼ ਆਫ਼ ਏ ਡਿਜੀਟਲ ਡਾਅਨ " (ਲੇਖਕ - ਡਾ. ਸਰਦਾਰ ਡੀ. ਪੀ. ਸਿੰਘ) | ਪੁਸਤਕ ਸਮੀਖਿਆਕਾਰ ਡਾ. ਸਰਦਾਰ ਸੁਖਦੇਵ ਸਿੰਘ ਝੰਡ | 15 |
| 9 | ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਬਾਰੇ "ਸੇਵਾ ਨਿਯਮ" ਬਣਾਉਣਾ, ਕਿੰਨਾ ਕੁ ਘਾਤਕ ਹੋ ਸਕਦਾ ਹੈ? | ਡਾ. ਸਰਦਾਰ ਦਲਜੀਤ ਸਿੰਘ | 20 |
| 10 | ਜੋਤੀ ਜੋਤਿ ਰਲੀ॥ ਸ਼ਬਦ ਦੀ ਵਿਆਖਿਆ | ਸਰਦਾਰ ਨਿਰਮਲ ਸਿੰਘ ਵੈਦ | 25 |
| 11 | **Seva (Part-2) : Guru Arjan Sahib** | **Dr Sardar Kala Singh** | 28 |
| 12 | ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ | ਸਰਦਾਰ ਜਸਵਿੰਦਰ ਸਿੰਘ ਰੁਪਾਲ | 30 |
| 13 | ਅਰਦਾਸ ਵਿਚ ਕੀ ਮੰਗੀਏ | ਸਰਦਾਰਨੀ ਸੁਰਜੀਤ ਕੌਰ ਸਾਰੰਗ | 33 |
| 14 | **Dress, Fashion and Wastage** | **Prof. S. Surjit Singh Bhatti** | 34 |
| 15 | **We are Proud of Them** | **Sanjhi Virasat** | 35 |
| 16 | **Torch-bearers of Guru Nanak's Teachings** | **Rai Bular's 19th Descendents** | 36 |
| 17 | ਰੱਖੜੀ ਅਤੇ ਗੁਰਮਤਿ | ਸਰਦਾਰ ਸੁਖਜੀਤ ਸਿੰਘ | 37 |
| 18 | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 38 |
| 19 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 20 | ਐਡੀਟੋਰੀਅਲ ਬੋਰਡ ਤੇ ਸਲਾਹਕਾਰ | ਸਾਂਝੀ ਵਿਰਾਸਤ | 40 |

## ਸੰਪਾਦਕੀ ਨੋਟ

( 1 - ਭਾਦੋਂ 557 / 16 - ਅਗਸਤ 2025 ਅੰਕ )

**ਮੂਲ ਨਾਨਕਸ਼ਾਹੀ ਕੈਲੰਡਰ** ਅਨੁਸਾਰ ਭਾਦੋਂ ਦਾ ਮਹੀਨਾ 16 ਅਗਸਤ ਤੋਂ ਸ਼ੁਰੂ ਹੁੰਦਾ ਹੈ। ਖਾਲਸਾ ਪੰਥ ਲਈ ਮੂਲ ਨਾਨਕਸ਼ਾਹੀ ਕੈਲੰਡਰ ਵਿਸ਼ੇਸ਼ ਮਹੱਤਾ ਰਖਦਾ ਹੈ। ਇਸ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਅਤੇ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ ਬਦਲਦੀਆਂ ਨਹੀਂ।

ਆਦਿ ਗ੍ਰੰਥ (ਜਾਂ ਪੋਥੀ ਸਾਹਿਬ) ਦੀ ਸੰਪਾਦਨਾ ਭਾਦੋਂ ਮਹੀਨੇ ਦੇ ਮੱਧ ਵਿਚ ਸੰਪੂਰਨ ਹੋ ਗਈ ਸੀ। ਪਹਿਲੀ ਸਤੰਬਰ 1604 ਨੂੰ ਇਸ ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ, ਅਮ੍ਰਿਤਸਰ, ਵਿਖੇ ਗੁਰੂ ਅਰਜਨ ਸਾਹਿਬ ਦੀ ਮੌਜੂਦਗੀ ਵਿਚ ਬਾਬਾ ਬੁੱਢਾ ਜੀ ਨੇ ਕੀਤਾ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰ ਕੇ 1708 ਵਿਚ "ਸ੍ਰੀ ਗੁਰੂ ਗ੍ਰੰਥ ਸਾਹਿਬ" ਦਾ ਮੌਜੂਦਾ ਸਰੂਪ ਅਤੇ "ਸਦੀਵੀ ਗੁਰੂ" ਦਾ ਦਰਜਾ ਦਿੱਤਾ। ਗੁਰੂ ਨਾਨਕ ਸਾਹਿਬ ਦਾ ਵਿਆਹ ਪੁਰਬ ਵੀ 15 ਭਾਦੋਂ ਨੂੰ ਮਨਾਇਆ ਜਾਂਦਾ ਹੈ।

ਇਸ ਮਹੀਨੇ ਵਿਚ ਕੁਝ ਹੋਰ ਮਹੱਤਵਪੂਰਣ ਇਤਿਹਾਸਕ ਦਿਨ ਇਹ ਹਨ।

ਭਾਰਤ ਵਿਚ 15 ਅਗੱਸਤ ਨੂੰ ਆਜ਼ਾਦੀ ਅਤੇ ਇਸੇ ਮਹੀਨੇ ਸ਼੍ਰੀ ਕ੍ਰਿਸ਼ਨ ਜੀ ਦਾ ਜਨਮ (ਜਨਮ ਅਸ਼ਟਮੀ) ਮਨਾਏ ਜਾਂਦੇ ਹਨ। 15 ਅਗੱਸਤ 1947 ਇੱਕ ਐਸਾ ਦਿਨ ਸੀ ਜਦੋਂ 'ਵਾਹਗੇ ਵਾਲੀ ਲਕੀਰ' (ਰੈਡੱਕਲਿਫ ਲਾਈਨ) ਨੇ ਪੰਜਾਬ ਨੂੰ ਦੋ ਹਿਸਿਆਂ ਵਿਚ ਵੰਡ ਦਿੱਤਾ। ਭਾਰਤੀ (ਪੂਰਬੀ) ਪੰਜਾਬ ਅਤੇ ਪਾਸਿਤਾਨੀ (ਪੱਛਮੀ) ਪੰਜਾਬ ਦੀਆਂ ਆਬਾਦੀਆਂ ਦੀ ਅਦਲਾ-ਬਦਲੀ ਵਿਚ ਲੱਖਾਂ ਬੇਗੁਨਾਹਾਂ ਨੂੰ ਆਪਣੀਆਂ ਜਾਨਾਂ ਗਵਾਉਣੀਆਂ ਪਈਆਂ। ਪਰ ਦੋਵਾਂ ਵਿਚ ਬੋਲੀ ਜਾਂਦੀ ਪੰਜਾਬੀ ਭਾਸ਼ਾ ਦੀ ਸਾਂਝ ਅੱਜ ਵੀ ਮੌਜੂਦ ਹੈ। ਬੰਗਾਲ ਦੇ ਵੀ ਦੋ ਹਿੱਸੇ ਹੋ ਗਏ ਪਰ ਬੋਲੀ ਜਾਣ ਵਾਲੀ ਬੰਗਾਲੀ ਭਾਸ਼ਾ ਇੱਕੋ ਹੈ।

ਲੇਖਕ ਆਪਣੀਆਂ ਪੰਜਾਬੀ ਦੀਆਂ (ਗੁਰਮੁਖੀ ਲਿਪੀ ਵਿਚ) ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ ਭੇਜ ਸਕਦੇ ਹਨ। ਬਹੁਤ ਲੰਬੇ ਲੇਖ ਵੈਬਸਾਈਟ (sanjhivirasat.org) ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾ ਸਕਦੇ ਹਨ। ਲਿਖਤਾਂ ਕਿਸੇ ਧਰਮ, ਸੰਸਥਾ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ। ਲਿਖਤਾਂ ਅਤੇ ਸੁਝਾਵਾਂ ਲਈ ਧੰਨਵਾਦ।

ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)

surjitsinghbhatti@gmail.com

## ਭਾਦਉ ਮਹੀਨੇ ਦਾ ਪਾਠ ਅਤੇ ਵਿਆਖਿਆ

### ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

ੴ ਸਤਿਗੁਰ ਪ੍ਰਸਾਦਿ॥
ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥ {ਪੰਨਾ 1108}

ਮਨੁੱਖ ਦੇ ਮਨ ਅਤੇ ਸਰੀਰ ਉੱਤੇ ਸਮੇ ਨਾਲ ਬਦਲਦੀਆਂ ਰੁੱਤਾਂ ਦਾ ਅਸਰ ਪੈਂਦਾ ਹੈ। ਬਰਸਾਤ ਦੇ ਸੁਹਾਵਣੇ ਮੌਸਮ ਵਿਚ ਸੰਸਾਰਕ ਖੁਸ਼ੀਆਂ ਤੇ ਰੰਗ ਤਮਾਸ਼ੇ ਮਨ ਨੂੰ ਭਾਉਂਦੇ ਹਨ। ਪਰ ਭਾਦੋਂ ਰੂਪੀ ਉਮਰ ਦੀ ਭਰ-ਜੁਆਨੀ ਵਿਚ ਆਖਰ ਮਨੁੱਖ ਨੂੰ ਇਨ੍ਹਾਂ ਖੁਸ਼ੀਆਂ ਦੇ ਭਰਮ ਦਾ ਅਹਿਸਾਸ ਤੇ ਪਛਤਾਵਾ ਹੁੰਦਾ ਹੈ। ਬਰਸਾਤ ਨਾਲ ਆਲੇ ਦੁਆਲੇ ਜਲ-ਥਲ ਦਾ ਵਾਤਾਵਰਣ ਖੁਸ਼ੀਆਂ ਮਾਣਨ ਦਾ ਹੋ ਜਾਦਾ ਹੈ ਪਰ ਪ੍ਰਭੂ ਪਤੀ ਨੂੰ ਵਿਸਾਰ ਕੇ ਜੀਵ ਇਸਤ੍ਰੀ ਵਿਆਕੁਲ ਹੁੰਦੀ ਹੈ। ਉਹ ਕਾਲੀ ਰਾਤ ਵਿਚ ਲਗਾਤਾਰ ਪੈਂਦੇ ਮੀਂਹ ਵਿਚ ਇਕੱਲੀ ਪ੍ਰਭੂ ਪਤੀ ਤੋਂ ਬਿਨਾ ਕਿਵੇਂ ਸੁਖੀ ਹੋ ਸਕਦੀ ਹੈ। ਡੱਡੂਆਂ ਤੇ ਮੋਰਾਂ ਦੀਆਂ ਆਵਾਜ਼ਾਂ ਨਾਲ ਪਪੀਹੇ ਦੀ ਪੀਊ ਪੀਊ ਮਨ ਵਿਚ ਪ੍ਰਭੂ ਵਿਛੋੜੇ ਦੀ ਕਸਕ ਪਾਉਂਦੀ ਹੈ। ਸੱਪਾਂ ਦੇ ਡੱਸਣ ਵਰਗੀ ਪੀੜ ਮਨ ਨੂੰ ਪੁੰਹਦੀ ਹੈ। ਭਾਦੋਂ ਰੂਪੀ ਉਮਰ ਦੇ ਸਮੇ ਵਿਚ ਪ੍ਰਭੂ ਵਿਛੋੜੇ ਦਾ ਦਰਦ ਮੱਛਰਾਂ ਦੇ ਢੰਗ ਵਰਗਾ ਦੁਖਦਾਈ ਹੁੰਦਾ ਹੈ।

ਪ੍ਰਭੂ ਦੀ ਯਾਦ ਤੋਂ ਬਿਨਾ ਸੁਹਾਵਣੇ ਮੌਸਮ ਦੇ ਸੁੱਖ ਵੀ ਨਹੀਂ ਸੁਖਾਂਦੇ। ਪ੍ਰਭੂ ਵਿਛੋੜੇ ਦਾ ਦੁਖ ਦੂਰ ਕਰਨ ਲਈ ਆਪਣੇ ਗੁਰੂ ਤੋਂ ਸਿਖਿਆ ਲੈਣੀ ਚਾਹੀਦੀ ਹੈ ਜਿਸ ਦੇ ਨਾਲ ਜੀਵ ਦਾ ਪ੍ਰਭੂ ਵਲ ਜਾਣ ਦਾ ਹੌਂਸਲਾ ਬਣਦਾ ਹੈ।



ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

## ਬਾਰਹ ਮਾਹਾ ਮਾਝ ਮਹਲਾ 5

## ਭਾਦਰੋਂ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ॥

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ
ਜਿਤੁ ਦਿਨ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥

ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ
'ਨੂਰ', ਜਲੰਧਰ (ਭਾਰਤ)



ਪੰਚਮ ਪਾਤਸ਼ਾਹ ਉਪਦੇਸ਼ ਕਰ ਰਹੇ ਹਨ ਕਿ ਪਤੀ ਨੂੰ ਛੱਡ ਕੇ, ਕਿਸੇ ਦੂਜੇ ਨਾਲ ਪਿਆਰ ਕਰਨ ਵਾਲੀ ਇਸਤ੍ਰੀ ਦੇ ਹਾਰ ਸ਼ਿੰਗਾਰ ਲਾਏ ਸਭ ਵਿਅਰਥ ਹਨ, ਮੁਸੀਬਤ ਵੇਲੇ ਸਭ ਛੱਡ ਕੇ ਪਾਸੇ ਹੋ ਜਾਂਦੇ ਹਨ। ਇਸੇ ਤਰਾਂ ਇੱਕ ਨਿਰੰਕਾਰ ਨੂੰ ਛੱਡ ਕੇ ਸੰਸਾਰ ਨਾਲ ਮੋਹ ਰੱਖਣ ਵਾਲੀ ਜੀਵ ਇਸਤ੍ਰੀ ਦੇ ਇਕੱਤਰ ਕੀਤੇ ਸਭ ਧਨ ਪਦਾਰਥ ਅਖੀਰ ਦੁੱਖ ਦਾ ਹੀ ਕਾਰਣ ਬਣਦੇ ਹਨ। ਕੁਛ ਵੀ ਨਾਲ ਨਹੀਂ ਜਾਂਦਾ। ਜੀਵ ਆਪਣੇ ਕੀਤੇ ਕਰਮਾਂ ਕਰਕੇ ਨਰਕ ਦਾ ਜੀਵਨ ਭੋਗਦਾ ਹੈ। ਗੁਰੂ ਨਾਲ ਪਿਆਰ ਰੱਖਣ ਵਾਲਾ ਵਿਅਕਤੀ ਪਰਮਾਤਮਾ ਦੇ ਨਾਮ ਰੂਪੀ ਜਹਾਜ਼ ਤੇ ਸਵਾਰ ਹੋ ਕੇ ਅਨੰਦਮਈ ਜੀਵਨ ਬਤੀਤ ਕਰਦਾ ਹੈ।

## ਰਾਗੁ ਆਸਾ ਮਹਲਾ ਮਃ 1- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਪਉੜੀ

ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥
ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥
ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥
ਮੂਰਖੈ ਨਾਲਿ ਨ ਲੁਝੀਐ ॥19॥

## ਅੱਖਰੀ ਅਰਥ, ਭਾਵ ਅਰਥ ਅਤੇ ਵਿਆਕਰਣਿਕ ਰੂਪ (ਭਾਗ-3)

ਵਿਆਖਿਆਕਾਰ
ਡਾ. ਸਰਦਾਰ ਚਮਕੌਰ ਸਿੰਘ ਬਰਾੜ, ਸੈਨ ਡਾਈਗੋ (ਕੈਲੀਫੋਰਨੀਆ)



ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥

ਅੱਖਰੀ ਅਰਥ:- ਹੇ ਭਾਈ! (ਲਾਲਚ ਵਿਚ, ਮੋਹ ਵਿਚ) ਹਰ ਕੋਈ ਕਹਿੰਦਾ ਹੈ ਕਿ ਆਹ ਵੀ ਮੇਰਾ ਆਪਣਾ ਹੈ, ਆਹ ਵੀ ਮੇਰਾ ਆਪਣਾ ਹੈ। ਜਿਸ ਨੂੰ ਆਪਣਾ ਨਹੀਂ ਸਮਝਦੇ ਤਾਂ ਉਸ ਨੂੰ ਚੁਣ ਕੇ ਕੱਢ ਦਿੱਤਾ ਜਾਵੇ।

ਵਿਆਕਰਣਿਕ ਰੂਪ: ਮੂਰਖੈ-ਮੂਰਖ ਨਾਲ (ਕਰਨ ਕਾਰਕ, ਇਕਵਚਨ), ਨਾਲਿ-ਨਾਲ (ਸੰਬੰਧਕ), ਲੁਝੀਐ-ਵਰਤਿਆ ਜਾਵੇ (ਸੰਭਾਵੀ ਭਵਿੱਖਤ ਕਾਲ, ਇਕਵਚਨ ਦੀ ਕਰਮਣੀ ਵਾਚ ਕਿਰਿਆ)।

ਇਸ ਪੰਗਤੀ ਦੇ ਮਹਲੇ ਪਹਿਲੇ ਨਾਲ ਰਲਾ ਕੇ ਅਰਥ ਕਰਨੇ ਚਾਹੀਦੇ ਹਨ।

ਸਭੁ-ਹਰ (ਅਨਿਸ਼ਚਿਤ ਸੰਖਿਅਕ ਵਿਸ਼ੇਸ਼ਣ ਇਕਵਚਨ) ਕੋ-ਕੋਈ (ਅਨਿਸ਼ਚਿਤ ਪੜਨਾਂਵ, ਇਕਵਚਨ, ਕਰਤਾ ਕਾਰਕ, ਇਕਵਚਨ), ਆਖੈ-ਆਖਦਾ ਹੈ (ਵਰਤਮਾਨ ਕਾਲ, ਇਕਵਚਨ ਦੀ ਕਿਰਿਆ), ਆਪਣਾ-ਆਪ ਦਾ (ਨਿੱਜ ਵਾਚਕ ਪੜਨਾਂਵ, ਸੰਬੰਧ ਕਾਰਕ), ਜਿਸੁ-ਜਿਸ ਨੂੰ (ਸੰਬੰਧ ਵਾਚਕ ਪੜਨਾਂਵ, ਕਰਮ ਕਾਰਕ, ਇਕਵਚਨ)।

ਨਾਹੀ - ਨਹੀਂ ਹੈ ਆਪਣਾ (ਨਿਰਨਾ ਵਾਚੀ ਕਿਰਿਆ ਵਿਸ਼ੇਸ਼ਣ), ਸੋ-ਉਸ ਨੂੰ (ਅਨੁਸੰਬੰਧ ਵਾਚਕ ਪੜਨਾਂਵ, ਕਰਮ ਕਾਰਕ, ਇਕਵਚਨ), ਚੁਣਿ-ਚੁਣ ਕੇ (ਪੂਰਬ ਪੂਰਨ ਕ੍ਰਿਦੰਤ), ਕਢੀਐ-ਕੱਢਿਆ ਜਾਵੇ ਜਾਂ ਛੱਡ ਦੇਣਾ ਚਾਹੀਦਾ ਹੈ (ਸੰਭਾਵੀ ਭਵਿੱਖਤ ਕਾਲ ਦੀ ਕਰਮਣੀ ਵਾਚ ਇਕਵਚਨ ਦੀ ਕਿਰਿਆ)।

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥

ਅੱਖਰੀ ਅਰਥ : ਆਪਣੇ ਕੀਤੇ ਕੰਮਾਂ ਦਾ ਹਿਸਾਬ ਆਪ ਹੀ ਕਰਨਾ ਚਾਹੀਦਾ ਹੈ ਕਿ ਮੈਂ ਜੀਵਨ ਵਿੱਚ ਕੀ ਖਟਿਆ ਹੇ ਅਤੇ ਕੀ ਕਮਾਇਆ ਹੈ।

ਭਾਵ ਅਣਥ : ਹੇ ਭਾਈ! ਆਪਣੇ ਕੀਤੇ ਕੰਮਾਂ ਦਾ ਹਿਸਾਬ ਕਿਤਾਬ ਆਪ ਹੀ ਕਰਨਾ ਚਾਹੀਦਾ ਹੈ ਕਿ ਮੈਂ ਜੀਵਨ ਵਿੱਚ ਕੀ ਖਟਿਆ ਹੈ ਅਤੇ ਕੀ ਕਮਾਇਆ ਹੈ। ਭਾਵ ਆਪ ਹੀ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਕਿ ਮੇਰਾ ਕਿਰਦਾਰ ਕਿਹੋ ਜਿਹਾ ਹੈ। ਜਿਹੋ ਜਿਹਾ ਕੋਈ ਕਰਮ ਕਰਦਾ ਹੈ, ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ।

ਵਿਆਕਰਣਿਕ ਰੂਪ : ਕੀਤਾ-ਕੀਤਾ ਹੋਇਆ (ਭੂਤ ਕ੍ਰਿਦੰਤ) ਆਪੋ ਆਪਣਾ-ਆਪ ਦੇ ਆਪਣੇ (ਨਿੱਜ ਵਾਚਕ ਪੜਨਾਂਵ, ਸੰਬੰਧ ਕਾਰਕ)। ਆਪੇ ਹੀ-ਆਪ ਹੀ ਕਰਤਾ ਕਾਰਕ, ਇਕਵਚਨ),ਲੇਖਾ-ਹਿਸਾਬ (ਕਰਮ ਕਾਰਕ, ਇਕਵਚਨ), ਸੰਢੀਐ-ਭਰੀਏ, (ਸੰਭਾਵੀ ਭਵਿੱਖਤ ਕਾਲ, ਕਰਮਨੀ ਵਾਚ ਕਿਰਿਆ)।

ਜਾ ਰਹਣਾ ਨਾਹਿ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥

ਅਰਥ : ਹੇ ਭਾਈ! ਜੇ ਇਸ ਜੱਗ ਵਿਚ ਕੁਝ ਵੀ ਸਦਾ ਲਈ ਨਹੀਂ ਰਹਿਣਾ ਤਾਂ ਹੰਕਾਰ ਵਿਚ ਕਿਉਂ ਭਰੇ ਫਿਰੀਏ।

ਭਾਵ ਅਰਥ : ਜਦੋਂ ਮਨੁੱਖ ਨੂੰ ਇਸ ਗਲ ਦਾ ਭਲੀ ਭਾਂਤ ਪਤਾ ਹੈ ਕਿ ਇਸ ਜੱਗ ਵਿਚ ਕੁਝ ਵੀ ਸਦਾ ਲਈ ਨਹੀਂ ਰਹਿਣਾ ਤਾਂ ਹੰਕਾਰ ਵਿਚ ਭਰਿਆ ਹੋਇਆ ਕਿ ਆਹ ਮੇਰਾ ਆਹ ਮੇਰਾ ਹੈ, ਦਾਹਵੇ ਕਿਉਂ ਕਰੀ ਜਾਵੇ। ਨਿਰਦਾਵਾ ਹੋ ਕੇ ਕਿਉਂ ਨਹੀਂ ਰਹਿ ਸਕਦਾ।

ਵਿਆਕਰਣਿਕ ਰੂਪ : ਜਾ-ਜੇ (ਪਰਕਾਰ ਵਾਚੀ ਕਿਰਿਆ ਵਿਸ਼ੇਸ਼ਣ) ਰਹਿਣਾ-ਸਦਾ ਲਈ ਵਸਣਾ (ਅਮਿੱਤ ਕਿਰਿਆ, ਕਰਤਾ ਕਾਰਕ, ਇਕਵਚਨ), ਨਾਹਿ -ਨਹੀਂ (ਨਿਰਨਾ ਵਾਚੀ ਕਿਰਿਆ ਵਿਸ਼ੇਸ਼ਣ) ਐਤੁ-ਇਸ ( ਮੂਲਕ ਪੜਨਾਂਵੀ ਵਿਸ਼ੇਸ਼ਣ) ਜਗਿ-ਜਗਤ ਵਿਚ (ਅਧਿਕਰਣ ਕਾਰਕ, ਇਕਵਚਨ), ਤਾ-ਤਾਂ ਫਿਰ (ਯੋਜਕ) ਕਾਇਤੁ-ਕਾਸ ਲਈ (ਪ੍ਰਸ਼ਨ ਵਾਚੀ ਪੜਨਾਂਵ, ਸੰਪਰਦਾਨ ਕਾਰਕ), ਗਾਰਬਿ-ਹੰਕਾਰ ਵਿਚ (ਅਧਿਕਰਣ ਕਾਰਕ, ਇਕਵਚਨ), ਹੰਢੀਐ-ਫਿਰੀਏ (ਸੰਭਾਵੀ ਭਵਿੱਖਤ ਕਾਲ ਦੀ ਕਰਮਣੀ ਕਿਰਿਆ)।

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥

ਅਰਥ: ਕਿਸੇ ਨੂੰ ਮੰਦਾ ਨਹੀਂ ਬੋਲਣਾ ਚਾਹੀਦਾ। ਸ਼ਬਦ ਨੂੰ ਜਾਂ ਸਿੱਖਿਆ ਨੂੰ ਪੜ੍ਹ ਕੇ ਇਹ ਸਮਝਣਾ ਚਾਹੀਦਾ ਹੈ।

ਵਿਆਕਰਣਿਕ ਰੂਪ: ਮੰਦਾ-ਮਾੜਾ (ਗੁਣ ਵਾਚਕ ਵਿਸ਼ੇਸ਼ਣ) ਕਿਸੈ-ਕਿਸੇ ਨੂੰ (ਪ੍ਰਸ਼ਨ ਵਾਚੀ ਪੜਨਾਂਵ, ਕਰਮ ਕਾਰਕ, ਇਕਵਚਨ), ਨ-ਨਹੀਂ (ਨਿਰਨਾ ਵਾਚੀ ਕਿਰਿਆ ਵਿਸ਼ੇਸ਼ਣ), ਆਖੀਐ-ਆਖਣਾ ਚਾਹੀਦਾ (ਸੰਭਾਵੀ ਭਵਿੱਖਤ ਕਾਲ ਦੀ ਕਰਮਣੀ ਵਾਚ ਇਕਵਚਨ ਦੀ ਕਿਰਿਆ), ਪੜਿ-ਪੜ੍ਹ ਕੇ (ਪੂਰਬ ਪੂਰਨ ਕ੍ਰਿਦੰਤ) ਅਖਰੁ-ਸ਼ਬਦ ਜਾ ਸਿੱਖਿਆ ਨੂੰ (ਕਰਮ ਕਾਰਕ, ਇਕਵਚਨ), ਏਹੋ-ਇਹ ਹੀ (ਨਿਸ਼ਚੇ ਵਾਚਕ ਪੜਨਾਂਵ), ਬੁਝੀਐ-ਸਮਝਣਾ ਚਾਹੀਦਾ ਹੈ (ਸੰਭਾਵੀ ਭਵਿੱਖਤ ਕਾਲ, ਇਕਵਚਨ ਦੀ ਕਰਮਣੀ ਵਾਚ ਕਿਰਿਆ) ॥

ਮੂਰਖੈ ਨਾਲਿ ਨ ਲੁਝੀਐ ॥੧੯॥ (ਪੰਨਾ ੪੭੩)।

ਅਰਥ: ਹੇ ਭਾਈ-ਕਿਸੇ ਮੂਰਖ ਨਾਲ ਕਦੇ ਵੀ ਵਰਤਾਓ ਨਹੀਂ ਕਰਨਾ ਚਾਹੀਦਾ।

ਵਿਆਕਰਣਿਕ ਰੂਪ: - ਮੂਰਖੈ-ਮੂਰਖ ਨਾਲ (ਕਰਣ ਕਾਰਕ, ਇਕਵਚਨ), ਨਾਲਿ-ਨਾਲ (ਸੰਬੰਧਕ), ਲੁਝੀਐ-ਵਰਤਿਆ ਜਾਵੇ (ਸੰਭਾਵੀ ਭਵਿੱਖਤ ਕਾਲ ਦੀ ਕਰਮਨੀ ਵਾਚ ਕਿਰਿਆ) 3॥ 19॥

## ਸਾਰੀ ਪਉੜੀ ਦਾ ਭਾਵ ਅਰਥ :

ਕਿਸੇ ਨੂੰ ਮੰਦਾ ਨਹੀਂ ਬੋਲਣਾ ਚਾਹੀਦਾ ਕਿਸੇ ਮੂਰਖ ਨਾਲ ਵਰਤਾਓ ਨਹੀਂ ਚਾਹੀਦਾ॥ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਜਿਹੜੀ ਚੀਜ਼ ਆਪਣੀ ਨਹੀਂ ਉਸ ਤੇ ਹੱਕ ਨਹੀਂ ਜਮਾਉਣਾ ਚਾਹੀਦਾ। ਜ਼ਿੰਦਗੀ ਬਹੁਤ ਛੋਟੀ ਹੈ। ਐਵੇਂ ਹੰਕਾਰ ਵਿਚ ਹੀ ਨਹੀਂ ਭਰੇ ਰਹਿਣਾ ਚਾਹੀਦਾ।

## ਸਾਰੇ ਸ਼ਬਦ ਦਾ ਭਾਵ ਅਰਥ :

ਪੁਜਾਰੀ ਜੋ ਆਪਣੇ ਬਲਾਏ ਖਾਣੇ ਨੂੰ ਪਵਿੱਤਰ ਦੇਵਤੇ ਦੱਸਦਾ ਹੈ ਉਹ ਦੇਵਤੇ ਨਹੀਂ ਹਨ। ਉਹ ਕਰਮ ਕਾਂਡ ਹੈ, ਸਰੀਰ ਉਸ ਭੋਜਨ ਨੂੰ ਗੰਦਗੀ ਵਿਚ ਬਦਲ ਦਿੰਦਾ ਹੈ। ਉਹ ਭੋਲੇ ਭਾਲੇ ਲੋਕਾਂ ਨੂੰ ਠੱਗੀ ਨਾਲ ਮੂਰਖ ਬਣਾਉਂਦਾ ਹੈ। ਅਜਿਹੇ ਮੁਰਖਾਂ ਨਾਲ ਕੋਈ ਵਰਤਾਅ ਨਹੀਂ ਕਰਨਾ ਚਾਹੀਦਾ।

ਔਰਤ ਨੂੰ ਮਾੜਾ ਕਹਿੰਣਾ ਗਲਤ ਹੈ, ਉਹ ਸਭ ਦੀ ਜਣਨੀ ਹੈ, ਉਸ ਬਿਨਾਂ ਸੰਸਾਰ ਨਹੀਂ ਚਲ ਸਕਦਾ। ਜੋ ਇਸਤਰੀ ਦੀ ਸਿਫਤ ਕਰਦਾ ਹੈ ਉਹ ਲੋਕਾਂ ਦੀ ਕਚਿਹਰੀ ਵਿਚ ਇੱਜ਼ਤ ਮਾਣ ਪ੍ਰਾਪਤ ਕਰਦਾ ਹੈ। ਕਿਸੇ ਨੂੰ ਵੀ ਮੰਦਾ ਨਹੀਂ ਬੋਲਣਾ ਚਾਹੀਦਾ। ਹਰ ਇਕ ਨੇ ਆਪਣੇ ਕੀਤੇ ਦਾ ਫਲ ਭੁਗਤਣਾ ਹੈ। ਇਸ ਕਰਕੇ ਆਪਣੇ ਅੰਦਰ ਹੀ ਝਾਤੀ ਮਾਰਨੀ ਚਾਹੀਦੀ ਹੈ ਕਿ ਮੈਂ ਕੀ ਕਰ ਰਿਹਾ ਹਾਂ।

ਸ਼ਹਾਦਤਾਂ ਦੇ ਗੁੱਝੇ ਭੇਦ – 4

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)



16. ਸ਼ਹਾਦਤਾਂ ਦੇ ਇਸ ਸਫ਼ਰ ਨੇ ਐਸੇ ਪੂਰਨੇ ਪਾਏ ਕਿ ਆਉਣ ਵਾਲੀਆਂ ਪੀੜ੍ਹੀਆਂ ਵੀ ਸੇਧ ਲੈ ਰਹੀਆਂ ਹਨ। ਚਰਖੜੀਆਂ ਤੇ ਚੜ੍ਹਨ ਵਾਲੇ ਭਾਈ ਸੁਬੇਗ ਸਿੰਘ ਜੀ ਨੂੰ ਜਦੋਂ ਕਿਸੇ ਨੇ ਕਿਹਾ ਕਿ ਪੁੱਤਰ ਨੂੰ ਤਾਂ ਬਚਾ ਲੈ, ਕੁਲ ਅੱਗੇ ਚਲਦੀ ਰਹੇਗੀ, ਤਾਂ ਸੁਬੇਗ ਸਿੰਘ ਜੀ ਦਾ ਜਵਾਬ ਸੀ :

ਹਮ ਕਾਰਨ ਗੁਰ ਕੁਲ ਗਵਾਈ, ਹਮ ਕੁਲ ਰਾਖੈਂ ਤਾਂ ਕਵਨ ਵਡਾਈ॥

ਉਹਨਾਂ ਨੇ ਤਾਂ ਆਖਰੀ ਇੱਛਾ ਵੀ ਇਹੀ ਪ੍ਰਗਟਾਈ ਸੀ ਕਿ ਮੇਰੇ ਪੁੱਤਰ ਨੂੰ ਮੇਰੇ ਨਾਲੋਂ ਪਹਿਲਾਂ ਚਰਖੜੀ ਤੇ ਚੜਾਇਆ ਜਾਵੇ ਤਾਂ ਕਿ ਮੈਂ ਇਹ ਮਹਿਸੂਸ ਕਰ ਸਕਾਂ ਕਿ ਕਲਗੀਆਂ ਵਾਲੇ ਨੇ ਪੁੱਤਰ ਕਿਵੇਂ ਤੋਰੇ ਸਨ। ਹੁਣ ਜਦੋਂ ਕਿਸੇ ਦੇ ਘਰ ਛੋਟੇ ਜਾਂ ਜਵਾਨ ਬੱਚੇ ਦੀ ਮੌਤ ਹੋ ਜਾਂਦੀ ਹੈ ਤਾਂ ਇਹੀ ਢਾਰਸ ਮਨੋਬਲ ਉੱਚਾ ਕਰ ਦਿੰਦਾ ਹੈ ਕਿ ਕਲਗੀਆਂ ਵਾਲੇ ਨੇ ਤਾਂ ਚਾਰ ਤੋਰੇ ਸਨ।

1984 ਵੇਲੇ ਜਦੋਂ ਚੁੱਲਿਆਂ ਦੀ ਅੱਗ ਸਿਵਿਆਂ ਵਿੱਚ ਬਲਣ ਲੱਗੀ। ਜਦੋਂ ਨਦੀਆਂ, ਦਰਿਆਵਾਂ ਦੇ ਪਾਣੀ ਵਿੱਚ ਲਾਸ਼ਾਂ ਤੈਰਨ ਲੱਗੀਆਂ।ਉਜੜੇ ਘਰਾਂ ਦੀ ਦਾਸਤਾਨ ਸੁਣਾਦੀਆਂ ਕੰਧਾਂ। ਘਰ ਦੇ ਬਚੇ ਖੁਚੇ ਜੀਆਂ ਨੂੰ ਇਸ ਸ਼ਹਾਦਤਾਂ ਧਰਵਾਸ ਦਿੰਦੀਆਂ ਅਤੇ ਮੁੜ ਖੜ੍ਹਾ ਕਰ ਦਿੰਦੀਆਂ ਅਤੇ ਉਹ ਇਨ੍ਹਾਂ ਸ਼ਹੀਦੀਆਂ ਤੇ ਮਾਣ ਮਹਿਸੂਸ ਕਰਦੇ।

17. ਇਸ ਸਫ਼ਰ ਦੌਰਾਨ ਪੰਜ ਬੀਬੀਆਂ ਨੇ ਵੀ ਸ਼ਹਾਦਤ ਦਾ ਜਾਮ ਪੀਤਾ। ਪਹਿਲਾਂ ਬੀਬੀ ਭਿੱਖਾਂ ਜੀ, ਜੋ ਸਰਸਾ ਨਦੀ ਦੇ ਕਿਨਾਰੇ ਦੁਸ਼ਮਣਾਂ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦ ਹੋਏ। ਦੂਜੇ ਮਾਤਾ ਗੁਜਰ ਕੌਰ ਜੀ ਜੋ ਅਪਣੇ ਲਾਲ ਦੇ ਲਾਲਾਂ ਨੂੰ ਜ਼ਾਲਮਾਂ ਦੇ ਨਾਲ ਤੋਰ ਕੇ ਹੋਣੀ ਦੀ ਉਡੀਕ ਵਿੱਚ ਠੰਡੇ ਬੁਰਜ ਵਿੱਚ ਬੈਠੇ ਸਨ। ਜਦੋਂ ਸਿਪਾਹੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਮਾਤਾ ਜੀ ਨੂੰ ਦੱਸਣ ਆਏ ਤਾਂ ਰੋਹ ਵਿੱਚ ਆਏ ਮਾਤਾ ਜੀ ਨੇ ਸਿਪਾਹੀਆਂ ਤੋਂ ਤਲਵਾਰ ਖੋਹ ਕੇ ਵਜ਼ੀਰ ਖਾਂ ਵੱਲ ਭੱਜੇ ਤਾਂ ਉਸੇ ਝੜਪ ਵਿੱਚ ਸ਼ਹੀਦ ਹੋ ਗਏ। ਇਹ ਵਾਰਤਾ ਉਸ ਰੋਜ਼ਨਾਮਚੇ ਵਿਚ ਦਰਜ ਹੈ ਜੋ ਔਰਗਜ਼ੇਬ ਨੂੰ ਭੇਜਿਆ ਜਾਂਦਾ ਸੀ।ਤੀਜੇ ਬੀਬੀ ਸ਼ਰਨ ਕੌਰ ਜੀ ਜਿਸ ਨੇ ਚਮਕੌਰ ਸਾਹਿਬ ਦੀ ਗੜ੍ਹੀ ਦੇ ਸ਼ਹੀਦਾਂ ਦਾ ਸਸਕਾਰ ਕੀਤਾ ਸੀ। ਉਸੇ ਅਗਨੀ ਵਿਚ ਬੀਬੀ ਨੂੰ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਮੋਤੀ ਮਹਿਰਾ ਜੀ ਦੀ ਪਤਨੀ ਬੀਬੀ ਭੋਲੀ ਜੀ ਅਤੇ ਮਾਤਾ ਲੱਧੀ ਜੀ ਨੂੰ ਕੋਹਲੂ ਵਿਚ ਪੀੜ ਕੇ ਸ਼ਹੀਦ ਕੀਤਾ।

ਤਿੰਨ ਹੋਰ ਬੀਬੀਆਂ ਦਾ ਜ਼ਿਕਰ ਹੈ ਜਿਨ੍ਹਾਂ ਨੇ ਸ਼ਹਾਦਤਾਂ ਦੇ ਇਸ ਸਫ਼ਰ ਸਮੇਂ ਖਾਸ ਭੂਮਿਕਾ ਨਿਭਾਈ।ਕੋਟਲਾ ਨਿਹੰਗ ਖਾਂ ਦੀ ਬੇਟੀ ਬੀਬੀ ਮੁਮਤਾਜ਼ ਜੀ ਜੋ ਸ਼ਹੀਦ ਭਾਈ ਬਚਿੱਤਰ ਸਿੰਘ ਜੀ ਦੀ ਕੁਆਰੀ ਵਿਧਵਾ ਬਣ ਕੇ 132 ਸਾਲ ਦੀ ਉਮਰ ਭੋਗੀ,ਪਰ ਵਿਆਹ ਨਹੀਂ ਕਰਵਾਇਆ। ਮਾਤਾ ਗੁਰਦੇਈ ਜੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਲਈ ਵਸਤਰ ਤਿਆਰ ਕੀਤੇ ਜੋ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਤਿੰਨ ਸਾਥੀਆਂ ਨੇ ਉਸ ਸਮੇਂ ਪਹਿਨੇ ਜਦੋਂ ਗੁਰੂ ਜੀ ਉੱਚ ਦਾ ਪੀਰ ਬਣ ਕੇ ਨਿਕਲੇ। ਦਲੇਰ ਮਾਤਾ ਭਾਗ ਕੌਰ ਜੀ ਨੇ ਦੁਬਿਧਾ ਵਿੱਚ ਪਏ ਯੋਧਿਆਂ ਦੀ ਅਗਵਾਈ ਕੀਤੀ। ਸਾਹਿਬਜ਼ਾਦਿਆਂ ਤੋਂ ਇਲਾਵਾ ਮੋਤੀ ਰਾਮ ਮਹਿਰਾ ਜੀ ਦੇ ਅੱਠ ਸਾਲ ਦੇ ਪੁੱਤਰ ਨਰਾਇਣੇ ਨੂੰ ਵੀ ਕੋਹਲੂ ਵਿਚ ਪੀੜ ਕੇ ਸ਼ਹੀਦ ਕੀਤਾ ਗਿਆ।

18. ਗੁਰੂ ਸਾਹਿਬ ਜੀ ਨੇ ਦੱਸ ਦਿੱਤਾ ਕਿ ਤੁਹਾਡਾ ਵਾਹ ਕਿਸ ਕਿਸ ਤਰ੍ਹਾਂ ਦੇ ਬੰਦਿਆਂ ਨਾਲ ਪੈ ਸਕਦਾ ਹੈ। ਇਸ ਰਾਹ ਵਿੱਚ ਤੁਹਾਨੂੰ ਚੰਗੇ ਤੋਂ ਚੰਗੇ ਅਤੇ ਮੰਦੇ ਤੋਂ ਮੰਦੇ ਬੰਦੇ ਮਿਲਣਗੇ। ਗੁਰੂ ਦੀ ਨਦਰ ਕਿਸੇ ਜਾਤ-ਪਾਤ, ਮਜ਼ਹਬ ਜਾਂ ਰੁਤਬੇ ਤੇ ਨਹੀਂ, ਸਗੋਂ ਨਿਰੋਲ ਮਨੁੱਖੀ ਮਨ ਦੀ ਸ਼ੁਧਤਾ, ਨਿਰਮਲਤਾ ਤੇ ਗੁਰੂ ਪਿਆਰਿਆਂ ਤੇ ਪੈਂਦੀ ਹੈ।

ਭਾਵੇਂ ਹਕੂਮਤ ਮੁਗਲਾਂ ਦੀ ਸੀ ਪਰ ਕੋਟਲਾ ਨਿਹੰਗ ਖ਼ਾਨ ਹਰ ਤਰ੍ਹਾਂ ਦੇ ਸਰਕਾਰੀ ਡਰ ਭੈ ਤੋਂ ਮੁਕਤ ਹੋ ਕੇ ਗੁਰੂ ਸਾਹਿਬ ਨੂੰ ਅਪਣੇ ਘਰ ਠਾਹਰ ਦਿੰਦਾ ਹੈ ਅਤੇ ਹਰ ਤਰ੍ਹਾਂ ਦੀ ਮਦਦ ਕਰਦਾ ਹੈ। ਨਬੀ ਖਾਨ ਅਤੇ ਗਨੀ ਖਾਨ ਉੱਚ ਦਾ ਪੀਰ ਬਣਾ ਕੇ ਘੇਰੇ ਵਿੱਚੋਂ ਬਾਹਰ ਕੱਢਦੇ ਹਨ ਜਦੋਂ ਕਿ ਚੱਪੇ ਚੱਪੇ ਤੇ ਗਸ਼ਤ ਹੋ ਰਹੀ ਸੀ।

ਗਰੀਬ ਕੁੰਮਾ ਮਾਸ਼ਕੀ ਸਾਰੀ ਰਾਤ ਆਪ ਬਾਹਰ ਪਹਿਰਾ ਦਿੰਦਾ ਹੈ ਅਤੇ ਮਾਤਾ ਜੀ ਅਤੇ ਬੱਚਿਆਂ ਨੂੰ ਝੌਂਪੜੀ ਦੇ ਅੰਦਰ ਸੁਆਉਂਦਾ ਹੈ। ਮੋਤੀ ਰਾਮ ਮਹਿਰਾ ਪੂਰਾ ਪਰਿਵਾਰ ਵਾਰ ਕੇ ਵੀ ਸੇਵਾ ਨਿਭਾਉਂਦਾ ਹੈ। ਬੁੱਧੀ ਚੰਦ ਰਾਵਤ ਆਪਣੀ ਹਵੇਲੀ ਹੀ ਗੁਰੂ ਸਾਹਿਬ ਨੂੰ ਸੌਂਪ ਦਿੰਦਾ ਹੈ, ਜੋ ਕਿ ਕੱਚੀ ਗੜ੍ਹੀ ਵਜੋਂ ਮਸ਼ਹੂਰ ਹੋਈ। ਦੀਵਾਨ ਟੋਡਰ ਮੱਲ ਸਭ ਕੁਝ ਹੀ ਦਾਅ ਤੇ ਲਾ ਕੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸਰੀਰਾਂ ਦਾ ਸਸਕਾਰ ਕਰ ਕੇ ਉਨ੍ਹਾਂ ਦੀ ਰਾਖ਼ ਸਾਂਭਦਾ ਹੈ।

19 ਗੁਰੂ ਦੇ ਇਸ਼ਕ ਵਿਚ ਆਪਾ ਵਾਰਨ ਵਾਲੇ ਇਨ੍ਹਾਂ ਗੁਰੂ ਪਿਆਰਿਆਂ ਮਨੁੱਖਤਾ ਨੇ ਕਿੰਨਾ ਅਸਰ ਕਬੂਲਿਆ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ। 1947 ਦੇ ਉਜਾੜੇ ਸਮੇਂ ਜਾਂ ਜੂਨ ਅਤੇ ਨਵੰਬਰ 1984 ਦੇ ਘੱਲੂਘਾਰੇ ਸਮੇਂ ਕੋਟਲਾ ਨਿਹੰਗ ਖ਼ਾਨ ਦੇ ਵਾਰਸ ਜਿਨ੍ਹਾਂ ਵਿੱਚ ਹਿੰਦੂ, ਸਿੱਖ ਅਤੇ ਮੁਸਲਮਾਨ ਭੈਣਾਂ ਭਰਾਵਾਂ ਨੇ ਇੱਕ ਦੂਜੇ ਦਾ ਪੂਰਾ ਸਾਥ ਦਿੱਤਾ। ਕਤਲੇਆਮ ਦੇ ਬਲਦੇ ਭਾਂਬੜਾਂ ਵਿੱਚ ਇੱਕ ਦੂਜੇ ਦੇ ਬੱਚਿਆਂ ਅਤੇ ਧੀਆਂ ਭੈਣਾਂ ਨੂੰ ਅਪਣੇ ਘਰਾਂ ਵਿੱਚ ਸਾਂਭਿਆ।


ਸਰਦਾਰ ਜਸਵੰਤ ਸਿੰਘ ਖਾਲੜਾ ਵਰਗੇ ਟੋਡਰ ਮੱਲ ਦੇ ਵਾਰਸਾਂ ਨੇ ਲਾਸ਼ਾਂ ਨੂੰ ਗਿਣਨ ਅਤੇ ਸਾਂਭਣ ਦੀ ਪੂਰੀ ਕੋਸ਼ਿਸ਼ ਕੀਤੀ। ਮੋਤੀ ਰਾਮ ਮਹਿਰਾ ਦੇ ਵਾਰਸਾਂ ਨੇ ਖਾੜਕੂ ਸਿੰਘਾਂ ਨੂੰ ਦੁੱਧ ਵੀ ਪਿਆਏ ਅਤੇ ਪ੍ਰਸ਼ਾਦੇ ਵੀ ਛਕਾਏ, ਭਾਵੇਂ ਉਨ੍ਹਾਂ ਨੂੰ ਬੇਇੰਤਹਾ ਸਰਕਾਰੀ ਤਸ਼ੱਦਦ ਵੀ ਸਹਿਣਾ ਪਿਆ। ਗ਼ਨੀ ਖ਼ਾਨ ਅਤੇ ਨਬੀ ਖ਼ਾਨ ਦੇ ਵਾਰਸਾਂ ਨੇ ਬਹੁਤ ਸਾਰੇ ਨੌਜਵਾਨਾਂ ਨੂੰ ਸਰਹੱਦਾਂ ਵੀ ਪਾਰ ਕਰਵਾ ਕੇ ਬਾਹਰਲੇ ਮੁਲਕਾਂ ਵੱਲ ਭੇਜਿਆ।

## ਪੇਂਡੂ ਪੰਜਾਬ ਦੇ ਇਤਿਹਾਸ ਦਾ ਵਿਲੱਖਣ ਅਜਾਇਬ ਘਰ

### ਭਾਗ 2 - ਕਿਵੇਂ ਬਣਿਆਂ ਤੇ ਕੀ ਦਰਸਾਉਂਦਾ ਹੈ

ਡਾ. ਸਰਦਾਰ ਕਾਬਲ ਸਿੰਘ (ਐਡਮਿੰਟਨ)
ਅਤੇ ਡਾ. ਸਰਦਾਰ ਬਿਜੈ ਸਿੰਘ (ਵਿੰਨੀਪੈਗ)

ਲੜੀ ਜੋੜਨ ਲਈ ਭਾਗ-1 ਪੜ੍ਹੋ ਜੀ।





### ਕਿਵੇਂ ਬਣਿਆਂ:

ਚੰਡੀਗੜ੍ਹ ਕਾਲਜ ਆਫ਼ ਆਰਕੀਟੈਕਚਰ ਦਾ ਸੁਰਿੰਦਰ ਸਿੰਘ ਸੇਖੋਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ.ਏ.ਯੂ) ਦੇ ਵਾਈਸ-ਚਾਂਸਲਰ, ਡਾ. ਮਹਿੰਦਰ ਸਿੰਘ ਰੰਧਾਵਾ ਨੂੰ 'ਮਾਡਲ ਪਿੰਡ' ਬਾਰੇ ਆਪਣਾ ਥੀਸਿਸ ਦਿਖਾਉਣ ਗਿਆ ਤਾਂ ਉਨ੍ਹਾਂ ਨੇ ਪੰਜਾਬ ਦੇ ਪੁਰਾਣੇ ਪੇਂਡੂ ਸੱਭਿਆਚਾਰ ਤੇ ਵੀ ਚਰਚਾ ਕੀਤੀ। ਉਸਦੀ ਇਸ ਵਿਸ਼ੇ ਦੀ ਡੂੰਘੀ ਜਾਣਕਾਰੀ ਨੂੰ ਵੇਖਦਿਆਂ ਉਨ੍ਹਾਂ ਨੇ ਸਰਦਾਰ ਸੁਰਿੰਦਰ ਸਿੰਘ ਸੇਖੋਂ ਨੂੰ ਅਜਾਇਬ ਘਰ ਦੇ ਡਿਜ਼ਾਈਨ ਲਈ ਆਰਕੀਟੈਕਟ ਵਜੋਂ ਚੁਣਿਆ ਗਿਆ।

ਸੇਖੋਂ ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਡਿਜ਼ਾਈਨ ਦੇ ਸਹਿ-ਸੰਸਥਾਪਕ ਗੌਤਮ ਸਾਰਾਭਾਈ ਦੇ ਘਰ ਅਤੇ ਅਹਿਮਦਾਬਾਦ ਵਿੱਚ ਹੈਂਡੀਕ੍ਰਾਫਟ ਮਿਊਜ਼ੀਅਮ ਦੇ ਅਧਿਐਨ ਲਈ ਭੇਜਿਆ। ਅਜਾਇਬ ਘਰ ਵਿੱਚ ਪ੍ਰਦਰਸ਼ਿਤ ਵਸਤੂਆਂ ਅਤੇ ਤਸਵੀਰਾਂ ਇਕੱਠੀਆਂ ਕਰਨ ਲਈ ਡਾ: ਰੰਧਾਵਾ ਨੇ ਆਰਕੀਟੈਕਟਾਂ, ਇੰਜੀਨੀਅਰਾਂ ਅਤੇ ਫੋਟੋਗ੍ਰਾਫ਼ਰਾਂ ਦੀ ਟੀਮ ਨਾਲ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਅਤੇ ਪਿੰਡਾਂ (ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਭਦੌੜ, ਜਗਰਾਉਂ, ਰਾਹੋਂ, ਜ਼ੀਰਾ, ਸੁਨਾਮ ਆਦਿ) ਦਾ ਦੌਰਾ ਕੀਤਾ।

ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਖੇਤੀ ਬਾਰੇ ਜਾਗਰੂਕ ਕਰਨ ਵਾਲੇ ਪੀ.ਏ.ਯੂ. ਦੇ ਕਰਮਚਾਰੀਆਂ ਨੂੰ 19-ਵੀਂ ਸਦੀ ਅਤੇ 20-ਵੀਂ ਸਦੀ ਦੇ ਅਰੰਭ ਵਿੱਚ ਘਰਾਂ 'ਤੇ ਖੇਤਾਂ ਆਦਿ ਵਿੱਚ ਵਰਤੋਂ ਵਿੱਚ ਆਉਣ ਵਾਲੀਆਂ ਵਸਤੂਆਂ ਨੂੰ ਇਕੱਠਾ ਕਰਨ ਜਾਂ ਖਰੀਦਣ ਦੇ ਅਦੇਸ਼ ਦਿਤੇ ਗਏ। ਦੋਸਤਾਂ, ਸਾਥੀ ਸਿਵਲ ਸੇਵਕਾਂ ਅਤੇ ਜਨਤਾ ਤੋਂ ਵੀ ਸਮਰਥਨ ਪ੍ਰਾਪਤ ਕੀਤਾ। ਜਦੋਂ ਇਮਾਰਤ ਮੁਕੰਮਲ ਹੋਣ ਦੇ ਨੇੜੇ ਸੀ ਤਾਂ ਟ੍ਰਿਬਿਊਨ ਅਤੇ ਹੋਰ ਅਖ਼ਬਾਰਾਂ ਵਿੱਚ ਇੱਕ ਇਸ਼ਤਿਹਾਰ ਰਾਹੀਂ ਲੋਕਾਂ ਨੂੰ ਸਬੰਧਤ ਵਸਤੂਆਂ ਦਾਨ ਕਰਨ ਦੀ ਵੀ ਬੇਨਤੀ ਕੀਤੀ ਗਈ ਸੀ।

ਡਾ. ਬੀ.ਪੀ. ਪਾਲ, ਭਾਰਤੀ ਖੇਤੀ ਖੋਜ ਪ੍ਰੀਸ਼ਦ (ਆਈ. ਸੀ. ਏ. ਆਰ) ਦੇ ਪਹਿਲੇ ਡਾਇਰੈਕਟਰ ਜਨਰਲ ਨੇ 1972 ਵਿੱਚ ਡਾ. ਰੰਧਾਵਾ ਨੂੰ ਚਿੱਠੀ ਲਿਖ ਕੇ ਆਪਣੀ ਮਰਹੂਮ ਭੈਣ ਦੇ ਫੁਲਕਾਰੀ ਸੰਗ੍ਰਹਿ ਬਾਰੇ ਸਲਾਹ ਮੰਗੀ। ਉਹ ਕੁਝ ਚੀਜਾਂ ਅਜਾਇਬ ਘਰ ਨੂੰ ਦਾਨ ਕਰਨਾ ਚਾਹੁੰਦਾ ਸੀ ਅਤੇ ਬਾਕੀ ਨੂੰ ਵੇਚ ਕੇ ਵਿਸ਼ੇਸ਼ ਅਧਿਕਾਰ ਪ੍ਰਾਪਤ ਔਰਤਾਂ ਦੀ ਮਦਦ ਲਈ ਵਰਤਣਾ ਚਾਹੁੰਦਾ ਸੀ। ਡਾ. ਰੰਧਾਵਾ ਨੇ ਉਸਨੂੰ ਸਾਰਾ ਸੰਗ੍ਰਹਿ ਅਜਾਇਬ ਘਰ ਨੂੰ ਦਾਨ ਕਰਨ ਲਈ ਪ੍ਰੇਰਿਆ ਅਤੇ ਟੈਕਸਟਾਈਲ ਹਿਸੇ ਦਾ ਨਾਮ ਉਸਦੀ ਭੈਣ ਦੇ ਨਾਮ ਤੇ ਰੱਖਿਆ।

ਅਜਾਇਬ ਘਰ ਦਾ ਨੀਂਹ ਪੱਥਰ 1 ਮਾਰਚ 1971 ਨੂੰ ਰੱਖਿਆ ਗਿਆ ਅਤੇ ਇਹ 30 ਨਵੰਬਰ 1973 ਨੂੰ ਪੂਰਾ ਹੋਇਆ। ਪ੍ਰਸਿੱਧ ਲੇਖਕ ਸਰਦਾਰ ਖੁਸ਼ਵੰਤ ਸਿੰਘ ਦੁਆਰਾ ਅਪ੍ਰੈਲ 1974 ਵਿੱਚ ਇੱਸਦਾ ਉਦਘਾਟਨ ਕੀਤਾ ਗਿਆ।

ਸ਼ੁਰੂ ਵਿਚ ਪੰਜਾਬ ਸਰਕਾਰ ਤੇ ਪੀਸ ਕੋਰਪਸ ਅਮਰੀਕਾ ਵਲੋਂ ਯੋਗਦਾਨ ਦੇ ਨਾਲ-ਨਾਲ ਵੱਖ-ਵੱਖ ਮੰਡੀ ਕਮੇਟੀਆਂ ਅਤੇ ਵਿਅਕਤੀਆਂ ਦੇ ਦਾਨ ਨਾਲ ਇਹ ਅਜਾਇਬ ਘਰ 3.4 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ। ਸਨ 2022-23 ਵਿੱਚ ਅੰਤਰਰਾਸ਼ਟਰੀ ਖੇਤੀਬਾੜੀ ਅਜਾਇਬ ਘਰਾਂ ਦੀ 20-ਵੀਂ ਕਾਂਗਰਸ ਤੋਂ ਪਹਿਲਾਂ ਇਸ ਨੂੰ ਮੁਰੰਮਤ ਕੀਤਾ ਗਿਆ। ਅਕਤੂਬਰ 2023 ਵਿੱਚ ਅਜਾਇਬ ਘਰ ਦੀ ਅੱਧੀ ਸ਼ਤਾਬਦੀ ਪੂਰੀ ਹੋਣ ਤੇ ਸਮਾਰੋਹ ਆਯੋਜਿਤ ਕੀਤਾ ਗਿਆ ਸੀ।

## ਕੀ ਦਰਸਾਉਂਦਾ ਹੈ:

ਇਸ ਵਿਚ ਜ਼ਿਆਦਾਤਰ ਵਸਤੁਆਂ ਘੱਟੋ-ਘੱਟ 100 ਸਾਲ ਪੁਰਾਣੀਆਂ ਹਨ। ਅਜਾਇਬ ਘਰ ਦੀ ਇਮਾਰਤ ਇੱਕ ਨਕਲ (ਪ੍ਰਤੀਰੂਪ) ਹੈ, ਪਰ ਇਸ ਵਿਚ ਵਸਤੂਆਂ ਸਾਰੀਆਂ ਅਸਲ ਹਨ। ਨਵਾਂ ਸ਼ਹਿਰ ਦੇ ਨੇੜੇ ਰਾਹੋਂ ਪਿੰਡ ਵਿਖੇ ਇੱਕ 18-ਵੀਂ ਸਦੀ ਦੀ ਹਵੇਲੀ ਨੂੰ ਅਜਾਇਬ ਘਰ ਦੇ ਨਮੂਨੇ (ਡਿਜ਼ਾਈਨ) ਦਾ ਆਧਾਰ ਬਣਾਇਆ ਗਿਆ। ਮੁੱਖ ਪ੍ਰਵੇਸ਼ ਦੁਆਰ ਤੇ ਲੱਕੜ ਦਾ ਭਾਰੀ ਨੱਕਾਸ਼ੀ ਵਾਲਾ ਦਰਵਾਜ਼ਾ ਰਾਹੋਂ ਦੀ ਇੱਕ ਧਰਮਸ਼ਾਲਾ ਤੋਂ ਆਇਆ ਸੀ। ਸੁਨਾਮ ਵਿੱਚ 200 ਸਾਲ ਪੁਰਾਣੀ ਕਾਜ਼ੀਆਂ ਹਵੇਲੀ ਤੋਂ ਇੱਕ ਜਾਅਲੀ ਪੇਂਟ ਕੀਤੀ ਲੱਕੜ ਦੀ ਛੱਤ ਆਈ ਸੀ। ਡਾ. ਰੰਧਾਵਾ ਦੇ ਆਦੇਸ਼ਾਂ ਤੇ ਕੁਝ ਦਰਵਾਜ਼ਿਆਂ ਅਤੇ ਛੱਤਾਂ ਨੂੰ ਨਵੇਂ ਟੀਕਵੁੱਡ ਨਾਲ ਬਦਲ ਦਿੱਤਾ ਗਿਆ ਸੀ। ਹੁਨਰਮੰਦ ਤਰਖਾਣਾਂ ਅਤੇ ਮਿਸਤਰੀਆਂ ਦੁਆਰਾ ਪੁਰਾਣੀਆਂ ਚੀਜਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਬਹੁਤ ਬਰੀਕੀ ਨਾਲ ਦੁਹਰਾਇਆ ਗਿਆ।

ਚਰਖੇ, ਪਲੰਘ, ਪੀਹੜੇ, ਸੰਦੂਕ, ਪਰਾਤਾਂ ਆਦਿ ਹਾਸਲ ਕੀਤੇ ਗਏ ਸਨ। ਉੱਕਰੀ ਹੋਈ ਲੱਕੜ ਦੇ ਦਰਵਾਜ਼ੇ, ਚੌਗਾਠਾਂ, ਰੰਗ ਕੀਤੀਆਂ ਛੱਤਾਂ, ਖਿੜਕੀਆਂ, ਆਦਿ ਨੂੰ ਅਜਾਇਬ ਘਰ ਲਈ ਇਕੱਠਾ ਕੀਤਾ ਗਿਆ। ਪੁਰਾਣੀਆਂ ਪੰਜਾਬੀ ਹਵੇਲੀਆਂ ਦੀਆਂ ਮੁੱਖ ਸਜਾਵਟੀ ਵਿਸ਼ੇਸ਼ਤਾਵਾਂ ਦੀਆਂ ਚੀਜਾਂ ਨੂੰ ਵੀ ਅਜਾਇਬ ਘਰ ਵਿੱਚ ਲਾਇਆ ਗਿਆ।

ਵਿਸ਼ਵ ਸੈਰ-ਸਪਾਟਾ ਦਿਵਸ (27 ਸਤੰਬਰ 2022) ਤੇ ਪੰਜਾਬ ਸੈਰ-ਸਪਾਟਾ ਵੈੱਬਸਾਈਟ ਤੇ ਅਜਾਇਬ ਘਰ ਦੀ ਨਿਸ਼ਾਨਦੇਹੀ ਕੀਤੇ ਜਾਣ ਤੋਂ ਬਾਅਦ, ਇਹ ਫਿਲਮਾਂ ਅਤੇ ਵਿਆਹਾਂ ਨਾਲ ਸਬੰਧਤ ਫਿਲਮਕਾਰੀ ਲਈ ਵੀ ਵਰਤਿਆ ਜਾ ਰਿਹਾ ਹੈ।



ਰਸੋਈ ਵਿਚ ਰੋਟੀਆਂ ਬਣਾਉਣ ਦਾ ਦ੍ਰਿਸ਼



ਡੋਲੀ ਵਾਲੀ ਗਡੀਰੀ ਅਤੇ ਡੋਲੀ ਦਾ ਦ੍ਰਿਸ਼





ਚਰਖਾ ਕੱਤਦੀ ਮੁਟਿਆਰ



ਪੁਰਾਣਾਂ ਕੜਾਹਾ

## ਸ਼ਹੀਦ ਊਧਮ ਸਿੰਘ ਦੇ ਨਾਂ ...

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
ਸੰਪਰਕ: +1 403 404 1450



ਇੱਕ ਸਪੂਤ ਪੰਜਾਬ ਦਾ, ਊਧਮ ਸਿੰਘ ਦਲੇਰ।
ਨਿੱਤ ਨਹੀਂ ਮਾਵਾਂ ਜੰਮਦੀਆਂ, ਯੋਧੇ ਪੁੱਤਰ ਸ਼ੇਰ।

ਸਾਕਾ ਅੰਮ੍ਰਿਤਸਰ ਦਾ, ਜਲ੍ਹਿਆਂ ਵਾਲਾ ਬਾਗ।
ਰੂਹ ਉਹਦੀ ਨੂੰ ਲਾ ਗਿਆ, ਆਜ਼ਾਦੀ ਦੀ ਜਾਗ।

ਲਾਸ਼ਾਂ ਦੇ ਅੰਬਾਰ ਜਦ, ਤੱਕੇ ਅੱਖਾਂ ਨਾਲ।
ਮਨ ਹੀ ਮਨ ਸਹੁੰ ਖਾ ਲਈ, ਛੱਡਣਾ ਨਹੀਂ ਚੰਡਾਲ।

ਲੰਡਨ ਦੇ ਵਿੱਚ ਪਹੁੰਚਿਆ, ਬਦਲ ਬਦਲ ਕੇ ਭੇਸ। ਬਦਲਾ ਲੈਣ ਲਈ ਦੁਸ਼ਟ ਤੋਂ, ਜਾ ਪਹੁੰਚਾ ਪਰਦੇਸ।

'ਮੁਹੰਮਦ ਸਿੰਘ ਆਜ਼ਾਦ' ਸੀ, ਬਣਿਆਂ ਉਹ ਸਰਦਾਰ। ਮੌਕਾ ਹੀ ਸੀ ਭਾਲਦਾ, ਤੋੜਨ ਲਈ ਹੰਕਾਰ।

ਪਾਠ ਅਤੇ ਅਰਦਾਸ ਕਰ, ਪਹੁੰਚਾ ਕੈਕਸਟਨ ਹਾਲ। ਡਾਇਰ ਤਾਂ ਸੀ ਮਰ ਗਿਆ, ਉਡਵਾਇਰ ਦੀ ਭਾਲ।

21 ਸਾਲਾਂ ਬਾਅਦ ਸੀ, ਬਣਿਆਂ ਮੌਕਾ ਮੇਲ।
ਉਸ ਜ਼ਾਲਿਮ ਉਡਵਾਇਰ ਦਾ, ਅੱਜ ਮੁਕਾਇਆ ਖੇਲ।

ਨਾ ਡਰਿਆ ਨਾ ਕੰਬਿਆ, ਦਿੱਤੀ ਭਾਜੀ ਮੋੜ।
ਸਿੱਖ ਕੌਮ ਵਿੱਚ ਨਾ ਕਦੇ, ਸੂਰਮਿਆਂ ਦੀ ਥੋੜ੍ਹ।

ਬਣ ਕਾਇਰ ਨਾ ਭੱਜਿਆ, ਊਧਮ ਸਿੰਘ ਸਰਦਾਰ। 'ਫੜ ਲਓ ਲੰਡਨ ਵਾਸੀਓ', ਮਾਰੀ ਉਸ ਲਲਕਾਰ।

ਜਦ ਜਦ ਢਾਹਿਆ ਕਹਿਰ ਹੈ, ਸਮਿਆਂ ਦੀ ਸਰਕਾਰ। ਵਿੱਚ ਮੈਦਾਨੇ ਨਿੱਤਰਦੇ, ਯੋਧੇ ਕਈ ਬਲਕਾਰ।

ਦੇਸ਼ ਕੌਮ ਲਈ ਵਾਰਦੇ, ਜੋ ਆਪਣੀ ਜਿੰਦ-ਜਾਨ।
'ਦੀਸ਼' ਉਹੀ ਮਰਜੀਵੜੇ, ਅਮਰ ਸ਼ਹੀਦ ਮਹਾਨ।

“ਈਕੋਜ਼ ਆਫ਼ ਏ ਡਿਜੀਟਲ ਡਾਅਨ” ਲੇਖਕ: ਡਾ. ਸਰਦਾਰ ਡੀ. ਪੀ. ਸਿੰਘ)

(ਰਿਵਿਊ ਕਰਤਾ: ਡਾ. ਸਰਦਾਰ ਸੁਖਦੇਵ ਸਿੰਘ ਝੰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ)



‘ਬਨਾਉਟੀ ਬੁੱਧੀ’ ‘ਏ.ਆਈ.’ ਅੱਜਕੱਲ੍ਹ ਖ਼ੂਬ ਚਰਚਾ ਵਿੱਚ ਹੈ। ਫ਼ੈਕਟਰੀਆਂ ਤੇ ਵੇਅਰ-ਹਾਊਸਾਂ ਵਿਚ ‘ਰੋਬੋਟ’ ਭਾਰੇ-ਭਰਕਮ ਕਾਰਜ ਆਸਾਨੀ ਨਾਲ ਕਰ ਰਹੇ ਹਨ ਅਤੇ ਰੋਜ਼ਾਨਾ ਜੀਵਨ ਦੇ ਵੀ ਬਹੁਤ ਸਾਰੇ ਕਾਰਜ ਸੰਭਾਲ ਰਹੇ ਹਨ। ਜਿੱਥੇ ਇਸ ਨੇ ਖਾਣੇ ਬਨਾਉਣ ਦਾ ਕੰਮ ਸੰਭਾਲ । ਹੈ, ਉੱਥੇ ਇਹ ਉਸ ਦੀ ਕਾਰ ਦਾ ‘ਡਰਾਈਵਰ’ ਵੀ ਬਣ ਗਿਆ ਹੈ। ਫ਼ੌਜੀ ਹੁਕਮਾਂ ਦੀ ਪਾਲਣਾ ਕਰਦਾ ਹੋਇਆ ਹੁਣ ਇਹ ‘ਡਰੋਨ’ ਦੇ ਰੂਪ ਵਿੱਚ ਦੁਸ਼ਮਣ ਦੇ ਇਲਾਕੇ ਵਿੱਚ ਜਾ ਕੇ ਬੰਬ ਸੁੱਟ ਰਿਹਾ ਹੈ ਅਤੇ ਸੰਭਾਵਿਤ ‘ਤੀਸਰੇ ਵਿਸ਼ਵ ਯੁੱਧ’ ਵਿੱਚ ਮਿਜ਼ਾਈਲਾਂ ਰਾਹੀਂ ਹਜ਼ਾਰਾਂ ਮੀਲ ਦੂਰ ਜਾ ਕੇ ਬੰਬ ਸੁੱਟ ਰਿਹਾ ਹੈ। ਇਹ ਮਨੁੱਖ ਦੀ ਅਕਲ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਵੀ ਕਰ ਰਹੀ ਹੈ।

ਅਜਿਹੇ ਵਰਤਾਰਿਆਂ ਨੂੰ ਦਰਸਾਉਂਦੀ ਹੈ ਭੌਤਿਕ ਵਿਗਿਆਨੀ ਡਾ. ਡੀ.ਪੀ. ਸਿੰਘ ਦੀ ਦਿਲਚਸਪ ਕਹਾਣੀਆਂ ਦੀ ਇਹ ਪੁਸਤਕ। ਉਨ੍ਹਾਂ ਦੀਆਂ ਕਹਾਣੀਆਂ ‘ਸਾਇੰਸ ਰਿਪੋਰਟਰ’, ‘ਸਾਇੰਸ ਇੰਡਿਆ’,’ਅਲਾਈਵ’, ‘ਵੋਮੈੱਨ ਐਰਾ’, ਆਦਿ ਅੰਗਰੇਜ਼ੀ ਮੈਗ਼ਜ਼ੀਨਾਂ ਵਿੱਚ ਅਤੇ ‘ਪੰਜਾਬੀ ਟ੍ਰਿਬਿਊਨ’ ਤੇ ‘ਪਰਵਾਸੀ’ ਆਦਿ ਵਿੱਚ ਛਪਦੀਆਂ ਰਹਿੰਦੀਆਂ ਹਨ। ਏ.ਆਈ. ਨਾਲ ਲੈਸ ਉਨ੍ਹਾਂ ਦੀ ਕਹਾਣੀਆਂ ਦੀ ਨਵੀਂ ਛਪੀ ਕਿਤਾਬ ‘ਈਕੋਜ਼ ਆਫ਼ ਏ ਡਿਜੀਟਲ ਡਾਅਨ : ਏ. ਆਈ’ਜ਼ ਟਰਾਇੰਫ਼ਸ ਐਂਡ ਟਰਾਇਲਜ਼’ ਅਜੋਕੇ 20-25 ਸਾਲਾਂ ਵਿੱਚ ਹੋਣ ਵਾਲੇ ‘ਕਰਤਬਾਂ’ ਨਾਲ ਜੁੜੀਆਂ ਇਸ ਪੁਸਤਕ ਦੀਆਂ 18 ਕਹਾਣੀਆਂ ਏ. ਆਈ. ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਦਰਸਾਉਂਦੀਆਂ ਹਨ। ਭਵਿੱਖ ਬਾਰੇ ਇਹ ਕਲਪਿਤ ਕਹਾਣੀਆਂ ਗਿਆਨ-ਵਧਾਊ ਹੋਣਗੀਆਂ। ਪਹਿਲੀ ਕਹਾਣੀ ‘ਸੌਲੀਚਿਊਡ ਹੈਵਨ’ ਵਿੱਚ ਇਸ ਦੀ ਨਾਇਕਾ ਰਸ਼ਮੀ ਦਾ, ‘ਸੋਫ਼ੀਆ’ ਨਾਂ ਦਾ ਹੋਮ ਏ.ਆਈ. ਉਸ ਦੇ ਸਹਾਇਕ ਵਜੋਂ ਕੰਮ ਕਰਦਾ ਹੈ। ਉਸਦੀ ਇਹ ‘ਪੱਕੀ ਸਹੇਲੀ’ ਉਸ ਨੂੰ ਕਈ ਉਸਾਰੂ ਸੁਝਾਅ ਦਿੰਦੀ ਹੈ।

ਅਚਾਨਕ ਆਏ ਤੇਜ਼ ਤੂਫ਼ਾਨ ਕਾਰਨ ਡਰੋਨ ਨਾਲ ਹੋਈ ਤਬਾਹੀ ਨੂੰ ਠੀਕ ਕਰਦੀ ਹੈ ਅਤੇ ਸਿਸਟਮ ਵਿੱਚ ਖ਼ਰਾਬੀ ਨੂੰ ਵੀ ਆਪ ਹੀ ਦੂਰ ਕਰਦੀ ਹੈ। ਉਹ ਤੂਫ਼ਾਨ-ਪੀੜਤਾਂ ਲਈ ਦਵਾਈਆਂ ਦਾ ਪ੍ਰਬੰਧ ਵੀ ਕਰਦੀ ਹੈ। ਦੋਵੇਂ ਇੱਕ ਦੂਸਰੇ ਦੀ ਸਹਾਇਤਾ ਨਾਲ ਇਸ ਸਮਾਰਟ ਸਿਸਟਮ 'ਹੈਵਨ' ਨੂੰ ਮਾਰੂ ਹਮਲਾਵਰ ਏ.ਆਈ. ਸਿਸਟਮਾਂ ਦੇ ਹਮਲੇ ਤੋਂ ਸੁਰੱਖ਼ਿਅਤ ਕਰਦੀਆਂ ਹਨ।

ਅਗਲੀ ਕਹਾਣੀ 'ਹਾਰਟਸ ਐਂਡ ਸਰਕਟਸ' ਵਿਚ ਪਤੀ-ਪਤਨੀ ਜਗਜੀਤ ਅਤੇ ਜਸਲੀਨ ਦੋਵੇਂ ਮਿਲ ਕੇ ਆਪਣਾ ਰੈਸਟੋਰੈਂਟ ਚਲਾ ਰਹੇ ਹਨ ਜਿੱਥੇ ਉਨ੍ਹਾਂ ਦੇ ਗਾਹਕ ਇਨ੍ਹਾਂ ਤੋਂ ਪੂਰੇ ਸੰਤੁਸ਼ਟ ਹਨ। ਕੁਝ ਸਮੇਂ ਬਾਅਦ ਜਗਜੀਤ ਆਪਣੀ ਪਤਨੀ ਦੀ ਸਹਾਇਤਾ ਲਈ ਘਰੇਲੂ ਰਸੋਈ ਵਿਚ 'ਸੈੱਫ਼-ਵੀ' ਨਾਂ ਦਾ ਰੋਬੋਟ ਲੈ ਆਉਂਦਾ ਹੈ ਜਿਸ ਵਿੱਚ 10,000 ਤੋਂ ਵਧੇਰੇ ਰੈਸਪੀਆਂ ਦੇ ਪ੍ਰੋਗਰਾਮ ਫ਼ੀਡ ਕੀਤੇ ਹੁੰਦੇ ਹਨ ਜਿਨ੍ਹਾਂ ਵਿੱਚ 500 ਰਵਾਇਤੀ ਪੰਜਾਬੀ ਡਿਸ਼ਾਂ ਵੀ ਸ਼ਾਮਲ ਹਨ। ਉਹ ਰਬੋਟ ਹਰੇਕ ਕੰਮ ਬਾਖ਼ੂਬੀ ਕਰ ਰਿਹਾ ਹੈ। ਕੁਝ ਸਮੇਂ ਬਾਅਦ ਉਹ ਇੱਕ ਹੋਰ ਰੋਬੋਟ 'ਹੋਮ-ਵੀ' ਖ਼ਰੀਦਦੇ ਹਨ ਜੋ ਘਰ ਦੀ ਸਫ਼ਾਈ ਕਰਦਾ ਹੈ, ਲਾਂਡਰੀ ਕਰਦਾ ਹੈ, ਉਨ੍ਹਾਂ ਨੂੰ ਦਵਾਈਆਂ ਦਿੰਦਾ ਹੈ ਅਤੇ ਮਹੀਨੇ-ਭਰ ਦੀ ਸਮਾਂ-ਸੂਚੀ ਵੀ ਤਿਆਰ ਕਰਦਾ ਹੈ।

ਉਹ ਦੋਵੇਂ ਸਮਝਦੇ ਹਨ ਕਿ 'ਸ਼ੈੱਫ਼-ਵੀ' ਤੇ 'ਹੋਮ-ਵੀ' ਦੋਹਾਂ ਨੇ ਮਿਲ ਕੇ ਉਨ੍ਹਾਂ ਦਾ ਜੀਵਨ ਆਰਾਮਦਾਇਕ ਬਣਾ ਦਿੱਤਾ ਹੈ। ਪਰ 'ਹੋਮ-ਵੀ' ਰੋਬੋਟ ਦੋਹਾਂ ਜੀਆਂ ਦੇ ਆਪਸੀ ਸਬੰਧਾਂ ਵਿੱਚ 'ਖ਼ਲਲ' ਵੀ ਪਾਉਂਦਾ ਹੈ, ਕਿਉਂ ਕਿ ਉਹ ਦੋਵੇਂ ਇੱਕ ਦੂਸਰੇ ਤੋਂ ਦੂਰ ਹੁੰਦੇ ਜਾਂਦੇ ਹਨ।

ਉਹ ਸ਼ਹਿਰ ਵਿੱਚ ਕਿਸੇ ਦੂਸਰੀ ਜਗ੍ਹਾ ਆਪਣਾ ਦੂਸਰਾ ਰੈਸਟੋਰੈਂਟ ਖੋਲ੍ਹ ਲੈਂਦੇ ਹਨ ਅਤੇ ਇੱਥੇ ਖਾਣੇ ਤਿਆਰ ਕਰਨ ਲਈ ਉਹ ਘਰੋਂ 'ਸੈੱਫ਼-ਵੀ' ਨੂੰ ਲੈ ਆਉਂਦੇ ਹਨ ਜਿਸ ਵਿੱਚ ਇਹ ਅਖ਼ੀਰ ਉਹ ਦੋਵੇਂ ਪਤੀ-ਪਤਨੀ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਮਸ਼ੀਨਾਂ ਨੇ ਭਾਵੇਂ ਹਰੇਕ ਖ਼ੇਤਰ ਵਿੱਚ ਕਾਫ਼ੀ ਤਰੱਕੀ ਕਰ ਲਈ ਹੈ ਪਰ ਮਸ਼ੀਨ ਨੂੰ ਮਨੁੱਖੀ ਸੂਝ-ਬੂਝ ਦੀ ਜ਼ਰੂਰਤ ਹੈ ਜੋ ਉਸ ਦੇ ਕੋਲ ਨਹੀਂ ਹੈ।

ਅਗਲੀ ਕਹਾਣੀ 'ਹਾਰਮਨੀ ਇਨ ਦ ਏਜ ਆਫ਼ ਏ. ਆਈ.' ਵਿੱਚ ਸਾਰ੍ਹਾ ਸੰਧੂ ਦਾ ਏ. 'ਸਿੰਥੀਆ' ਉਸ ਦੀਆਂ ਤਕਨੀਕੀ ਅਦਾਰਿਆਂ ਦੇ ਨਾਲ ਮੀਟਿੰਗਾਂ ਕਰਾਉਂਦਾ ਹੈ। ਓਧਰ ਪ੍ਰਭਾਤ ਦਾ ਏ. ਆਈ. ਨਿੱਜੀ ਸਹਾਇਕ 'ਮੈਡੀਕੇਅਰ' ਉਸ ਦੀ ਸਿਹਤ ਦਾ ਖ਼ਿਆਲ ਰੱਖਦਾ ਹੈ। ਉਸ ਦੇ ਵਧੇ ਬਲੱਡ-ਪ੍ਰੈੱਸ਼ਰ ਬਾਰੇ ਡਾ. ਮਾਰਿਸ ਨਾਲ ਉਸ ਦੀਆਂ ਵਰਚੂਅਲ ਮੀਟਿੰਗਾਂ ਕਰਵਾ ਕੇ ਉਸ ਕੋਲੋਂ ਹਦਾਇਤਾਂ ਪ੍ਰਾਪਤ ਕਰਦਾ ਹੈ।

ਕਲਾਊਡ-ਮੀਟਿੰਗਾਂ ਰਾਹੀਂ ਚਾਰ ਦੋਸਤਾਂ ਵਿਚਕਾਰ ਐਡਵਾਂਸ ਏ.ਆਈ. ਦੀ ਇੰਡਸਟਰੀ, ਬਿਜ਼ਨੈੱਸ, ਸੁਰੱਖਿਆ ਅਤੇ ਹੋਰ ਜ਼ਰੂਰੀ ਕੰਮਾਂ ਵਿੱਚ ਵਰਤੋਂ ਬਾਰੇ ਵਿਚਾਰ-ਵਟਾਂਦਰਾ ਹੁੰਦਾ ਹੈ।

ਕਹਾਣੀ 'ਹਿਊਮਨ ਹਾਰਟ, ਡਿਜੀਟਲ ਮਾਈਂਡ' ਵਿੱਚ ਪੱਤਰਕਾਰੀ ਦੇ ਖ਼ੇਤਰ ਵਿੱਚ ਏ.ਆਈ. ਦੀ ਸਫ਼ਲਤਾ ਪੂਰਵਕ ਵਰਤੋਂ ਦੀ ਗੱਲ ਕੀਤੀ ਗਈ ਹੈ। ਪੱਤਰਕਾਰ ਤਵਲੀਨ ਕੌਰ ਤੇ ਦੀਪਕ ਸ਼ਰਮਾ ਲੁਧਿਆਣੇ ਤੋਂ ਛਪਦੀ 'ਪੰਜਆਬ ਟਾਈਮਜ਼' ਅਖ਼ਬਾਰ ਲਈ ਆਰਟੀਕਲ ਅਤੇ ਰਿਪੋਰਟਾਂ ਏ. ਆਈ. 'ਇੰਕਬੋਟ' ਦੀ ਮਦਦ ਨਾਲ ਤਿਆਰ ਕਰਦੇ ਹਨ ਅਤੇ ਅਖ਼ਬਾਰ ਦਾ ਸੰਪਾਦਕ ਮਿਸਟਰ ਜਗਜੀਤ ਸਿੰਘ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਕਾਫ਼ੀ ਖ਼ੁਸ਼ ਹੈ। ਇਸ ਕਹਾਣੀ ਵਿੱਚ ਜਰਨਲਿਜ਼ਮ ਦੇ ਖ਼ੇਤਰ ਵਿੱਚ ਏ. ਆਈ. ਦੀ ਸਹੀ ਵਰਤੋਂ ਵਾਲੇ ਰੋਬੋਟ, ਸਮਾਜਿਕ ਅਤੇ ਅਰਥਸ਼ਾਤਰ ਖ਼ੇਤਰਾਂ ਦੇ ਕਈ ਮਸਲੇ ਹੱਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

'ਰੇਨਬੋ ਪਰੋਟੋਕੋਲ' ਵਿੱਚ ਇਮੋਸ਼ਨਲ ਇੰਟੈਲੀਜੈਂਸ ਵਿਸ਼ੇ ਨੂੰ ਬਾਖ਼ੂਬੀ ਨਿਭਾਇਆ ਹੈ। 'ਸਟੋਲਨ ਈਕੋਜ਼' ਵਿੱਚ ਇਸ ਦੀ ਕੁਵਰਤੋਂ ਨਾਲ ਮਨੁੱਖੀ ਆਵਾਜ਼ ਦੇ ਨਾਲ ਮੈਚ ਕਰਕੇ ਓਸੇ ਹੀ ਆਵਾਜ਼ ਵਿੱਚ ਬੈਂਕਿੰਗ ਆਦਿ ਵਿੱਚ ਹੋ ਰਹੇ ਫ਼ਰਾਡਾਂ ਦੀ ਗੱਲ ਕੀਤੀ ਗਈ ਹੈ।

'ਡਿਜੀਟਲ ਡਿਟੈੱਨਸ਼ਨ' ਵਿੱਚ ਵਿਕਰਮ ਸਿੰਘ ਨਕਲੀ ਡਿਪਟੀ ਇੰਸਪੈਕਟਰ ਜਨਰਲ ਬਣ ਕੇ ਅਮਰੀਕਾ ਤੋਂ ਵਾਪਸ ਪਰਤੀ ਪ੍ਰੋਫ਼ੈਸਰ ਨੀਰਜਾ ਡੋਗਰਾ ਨੂੰ ਫ਼ੋਨ ਤੇ ਆਪਣੇ ਬੈਂਕ-ਖ਼ਾਤਿਆਂ ਬਾਰੇ ਪੁਛਦਾ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੰਦਾ ਹੈ ਜਿਸ ਨੂੰ ਉਸ ਦਾ ਭਰਾ ਜੋ ਬੈਂਕ ਦਾ ਸੇਵਾ-ਮੁਕਤ ਅਧਿਕਾਰੀ ਹੈ ਵਕੀਲ ਦੋਸਤ ਨਾਲ ਗੱਲਬਾਤ ਕਰਕੇ ਇਸ ਮਸਲੇ ਨੂੰ ਨਜਿੱਠਦਾ ਹੈ।

'ਦ ਟ੍ਰਾਂਸਫ਼ਰਮੇਸ਼ਨ ਆਫ਼ ਟੈਰਾਨੌਵਾ' ਵਿੱਚ ਸਿਲਿਵੀਆ ਆਪਣੇ 17 ਸਾਲ ਦੇ ਪੋਤਰੇ ਮਾਲੂ ਨਾਲ ਟੈਰਾਨੋਵਾ ਟਾਪੂ ਦੇ ਕਿਨਾਰੇ ਸਾਊਥ ਪੈਸਿਫਿਕ ਸਮੁੰਦਰ ਕੰਢੇ ਖੜੀ ਹੈ। ਉੱਥੇ ਮਨੁੱਖੀ ਆਕਾਰ ਦਾ ਨੀਲੇ ਰੰਗੀ ਧਾਤ ਦਾ ਰੋਬੋਟ 'ਐਟਲਸ' ਉਨ੍ਹਾਂ ਕੋਲ ਆ ਕੇ ਉਨ੍ਹਾਂ ਨੂੰ ਦੱਸਦਾ ਹੈ ਕਿ ਉਸ ਨੂੰ ਇੱਥੇ 'ਸੈੱਲਫ਼-ਸਸਟੇਨਡ ਇਕਕੌਨੋਮੀ' ਅਤੇ ਸ਼ੁੱਧ ਵਾਤਾਵਰਣ ਦੀ ਬਹਾਲੀ ਲਈ ਇੱਥੇ ਭੇਜਿਆ ਗਿਆ ਹੈ। ਇਲਾਕੇ ਦੇ ਲੋਕਾਂ ਦੇ ਇਕੱਠ ਵਿੱਚ ਐਟਲਸ ਉਨ੍ਹਾਂ ਦੇ ਮਸਲਿਆਂ ਬਾਰੇ ਉਨ੍ਹਾਂ ਸੁਣਦਾ ਹੈ ਅਤੇ ਸੁਹਿਰਦ ਵਿਅੱਕਤੀਆਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਉਨ੍ਹਾਂ ਦੇ ਬਹੁਤ ਵਧੀਆ ਹੱਲ ਕੱਢਦਾ ਹੈ।

ਕਹਾਣੀਆਂ ਭਵਿੱਖ ਦੇ ਅਗਲੇ 40-50 ਸਾਲ ਜਾਂ ਇਸ ਤੋਂ ਅਗਲੇਰੇ ਸਾਲਾਂ ਵਿੱਚ ਏ.ਆਈ. ਦੀ ਹੈਰਾਨੀਜਨਕ ਵਰਤੋਂ ਬਾਰੇ ਗੱਲ ਕਰਦੀਆਂ ਹਨ।

'ਟੂਮਾਰੋਜ਼ ਪਰੌਮਿਜ਼' ਵਿੱਚ ਮੀਰਾ 30 ਸਾਲ ਪਹਿਲਾਂ ਸੰਸਾਰ ਤੋਂ ਜਾ ਚੁੱਕੀ ਦਾਦੀ ਦੇ ਨਾਲ ਏ.ਆਈ. ਦੇ ਮਾਧਿਅਮ ਰਾਹੀਂ ਵਾਤਾਵਰਣ ਦੇ ਵਿਗੜਨ ਸਬੰਧੀ ਗੱਲ ਕਰਦੀ ਹੈ ਜਿਸ ਦੇ ਬਾਰੇ ਉਹ ਉਸ ਇਸ ਵਿੱਚ ਹੋਏ ਵਿਗਾੜ ਬਾਰੇ ਦੱਸਦੀ ਸੀ। ਨਿਊ ਬੌਸਟਨ ਵਿੱਚ ਮੀਰਾ, ਜੌਹਨ ਅਤੇ ਡਾ. ਸਿੰਘ ਕਾਰਬਨ ਗੈਸਾਂ ਤੋਂ 2063 ਵਿੱਚ ਹਵਾਈ ਪ੍ਰਦੂਸ਼ਣ ਦੇ ਖ਼ਤਰਨਾਕ ਹੱਦ ਤੀਕ ਪਹੁੰਚ ਜਾਣ ਕਾਰਨ ਵਾਤਾਵਰਣ ਦੇ ਤਹਿਸ-ਨਹਿਸ ਹੋ ਜਾਣ ਬਾਰੇ ਗੱਲਬਾਤ ਕਰਦੇ ਹਨ ਅਤੇ ਏ.ਆਈ. ਦੀ ਸਹਾਇਤਾ ਨਾਲ ਇਸ ਦੇ ਹੱਲ ਬਾਰੇ ਵੀ ਸੋਚਦੇ ਹਨ।

'ਦ ਪਰਪਜ਼ ਪੈਰਾਡੌਕਸ' ਇਸ ਤੋਂ ਹੋਰ ਅੱਗੇ 2087 ਬਾਰੇ ਹੈ ਜਦੋਂ ਮਨੁੱਖਤਾ ਦੀ ਤਕਨੀਕੀ ਸੂਝ-ਬੂਝ ਹੋਰ ਵਧ ਜਾਂਦੀ ਹੈ। ਪੈਸੇਫ਼ਿਕ ਆਈਲੈਂਡ ਦੀ ਚੰਦਰਸ਼ੇਖਰ ਅਬਜ਼ਰਵੇਟਰੀ ਵਿੱਚ ਡਾ. ਲੀਨਾ ਆਪਣੇ ਏ.ਆਈ. ਸਹਾਇਕ 'ਈਥਰ' ਨਾਲ ਕਈ ਗੁੰਝਲਦਾਰ ਇਕੁਏਸ਼ਨਾਂ ਹੱਲ ਕਰਦੀ ਹੈ ਜੋ ਅਗਲੇਰੀ ਖੋਜ ਵਿੱਚ ਸਹਾਈ ਹੁੰਦੀਆਂ ਹਨ। ਹੌਲ਼ੀ-ਹੌਲ਼ੀ ਇਹ ਸਹਾਇਕ 'ਈਥਰ,' ਲੀਨਾ ਭਾਰਗਵ ਦੀ ਸਮਝ ਤੋਂ ਵੀ ਅੱਗੇ ਸੋਚਣ ਲੱਗ ਪੈਂਦਾ ਹੈ ਅਤੇ ਆਪਣੇ ਆਪ ਆਜ਼ਾਦਾਦਾਨਾ ਤੌਰ 'ਤੇ ਕਈ ਸਮੀਕਰਣ ਤਿਆਰ ਕਰਦਾ ਹੈ ਜਿਸ ਕਰਕੇ ਉਸ ਨੂੰ ਇੱਕ ਵਾਰ ਲੀਨਾ ਤੋਂ ਮਿੱਠੀ ਜਿਹੀ ਡਾਂਟ ਵੀ ਪੈਂਦੀ ਹੈ।

ਉਹ ਇਹ ਖ਼ਦਸ਼ਾ ਸਾਥੀ ਵਿਗਿਆਨੀ ਪਰਸ਼ਾਂਤਾ ਨਾਲ ਵੀ ਸਾਂਝਾ ਕਰਦੀ ਹੈ। ਪਰ ਈਥਰ ਆਪਣੀ ਹੀ 'ਲੈਂਗੂਏਜ ਆਫ਼ ਕਰੀਏਸ਼ਨ' ਤਿਆਰ ਕਰਦਾ ਹੈ ਜੋ ਭੌਤਿਕ, ਖ਼ਲਾਅ (ਸਪੇਸ) ਤੇ ਸਮੇਂ (ਟਾਈਮ) ਦੀਆਂ ਹੱਦਾਂ ਤੋਂ ਪਰੇ ਹੈ। ਲੀਨਾ ਉਸ ਨੂੰ ਆਪਣੀ ਚਾਲ ਘੱਟ ਕਰਨ ਦੀ ਸਲਾਹ ਦਿੰਦੀ ਹੈ ਪਰ ਉਹ ਆਪਣਾ ਕੰਮ ਕਰੀ ਜਾਂਦਾ ਹੈ। ਉਹ ਲੀਨਾ ਨੂੰ ਆਪਣੇ ਕ੍ਰਿਟੀਕਲ ਸਿਸਟਮਾਂ ਨਾਲੋਂ ਕੱਟ ਦਿੰਦਾ ਹੈ ਅਤੇ ਆਧੁਨਿਕ ਸਿਧਾਂਤਾਂ ਨਾਲ ਆਪਣੀ 'ਦ ਓਮੇਗਾ ਇਕੁਏਸ਼ਨ' ਬਣਾਉਂਦਾ ਹੈ ਜੋ ਭਵਿੱਖ ਵਿੱਚ ਇਸ ਕੁਦਰਤ ਦੇ ਮੰਤਵ ਦੀ ਵਿਆਖਿਆ ਲਈ ਸਹਾਈ ਹੋਵੇਦੀ।

ਕਈ ਕਹਾਣੀਆਂ, ਜਿਵੇਂ ਸਿਲੀਕੌਨ ਸਾਲਵੇਸ਼ਨ', 'ਵੈੱਨ ਸੋਫ਼ੀਆ ਲਿਸਨਡ', 'ਸ਼ੈਡੋਜ਼ ਆਫ਼ ਡਿਸੈੱਪਸ਼ਨ', ਆਦਿ ਬੜੀਆਂ ਦਿਲਚਸਪ ਹਨ। ਪਰ ਉਨ੍ਹਾਂ ਸਾਰੀਆਂ ਬਾਰੇ ਗੱਲ ਕਰਨੀ ਮੁਸ਼ਕਲ ਹੈ। ਇਸ ਦੀ ਅਖ਼ੀਰਲੀ ਕਹਾਣੀ 'ਦ ਮਿਰਰਜ਼ ਐੱਜ : ਵੈੱਨ ਏ.ਆਈ. ਰਿਫਲੈਕਟਸ ਹਿਮੈਨਿਟੀ' 2045 ਵਿੱਚ ਮੁੰਬਈ ਵਿਚ ਵਿਚਰ ਰਹੇ ਡਰੋਨਾਂ ਅਤੇ ਮਨੁੱਖਤਾ ਬਾਰੇ ਗੱਲ ਕਰਦੀ ਹੈ। ਕਹਾਣੀ ਦੀ ਨਾਇਕਾ ਸੁਮੀਰਾ ਖ਼ਾਨ ਮੁੰਬਈ ਦੇ 'ਦ ਡਿਜੀਟਲ ਕਰੋਨੀਕਲ' ਦੀ ਰਿਪੋਰਟਰ ਆਪਣੇ ਕੰਪਿਊਟਰ ਸਕਰੀਨ ਉੱਪਰ ਚਮਕ ਰਹੇ 'ਕਰਸਰ' ਨੂੰ ਵੇਖ ਰਹੀ ਹੈ।

ਉਸ ਦਿਨ ਉਸਦੀ ‘ਕਸਪ ਡਾਇਨਾਮਿਕਸ’ ਕਾਰਪੋਰੇਟ ਅਦਾਰੇ ਵੱਲੋਂ ਤਿਆਰ ਕੀਤੇ ਰੋਬੋਟ ‘ਗੌਡਾ’ ਨਾਲ ਮੁਲਾਕਾਤ ਹੁੰਦੀ ਹੈ ਜਿੱਥੇ ਉਹ ਉਸ ਦੇ ਮਨੁੱਖਤਾ ਨਾਲ ਸਬੰਧਾਂ ਬਾਰੇ ਗੱਲਬਾਤ ਕਰਦੀ ਹੈ ਜੋ ਖ਼ੁਦ ਵੀ ਮਨੁੱਖੀ ਸਬੰਧਾਂ ਬਾਰੇ ਜਾਣਕਾਰੀ ਹਾਸਲ ਕਰ ਰਿਹਾ ਹੈ। ਇਸ ਦੀਆਂ ਫ਼ਾਈਲਾਂ ਦੀ ਡੂੰਘਾਈ ਵਿੱਚ ਜਾ ਕੇ ਸੁਮੀਰਾ ਨੂੰ ਡਾ. ਨਈਅਰ ਦਾ ਫ਼ੋਨ ਨੰਬਰ ਮਿਲਦਾ ਹੈ ਜੋ ਉਸ ਅਦਾਰੇ ਨੂੰ ਸਾਲ ਪਹਿਲਾਂ ਛੱਡ ਚੁੱਕੀ ਹੈ। ਉਸ ਨੇ ਵੀ ਉਹ ਅਦਾਰਾ ਛੱਡਿਆ ਸੀ, ਕਿਉਂਕਿ ਉਸ ਨੂੰ ਲੱਗਿਆ ਸੀ ਕਿ ਉੱਥੇ ਏ.ਆਈ. ਦੀ ਸਹਾਇਤਾ ਨਾਲ ਕੁਝ ਅਣ-ਮਨੁੱਖੀ ਵਰਤਾਰਾ ਹੋ ਰਿਹਾ ਹੈ। ਉਸ ਦੇ ਮੁਤਾਬਿਕ ‘ਗੌਡਾ’ ਨੂੰ ਮਨੁੱਖੀ ਤੇ ਏ.ਆਈ. ਸਬੰਧਾਂ ਨੂੰ ਅੱਗੇ ਵਧਾਉਣ ਲਈ ਬਣਾਇਆ ਗਿਆ ਸੀ ਤਾਂ ਜੋ ਇਨ੍ਹਾਂ ਦੇ ਮਿਲਵਰਤਣ ਨਾਲ ਅੱਗੋਂ ਹੋਰ ਖੋਜ ਕੀਤੀ ਜਾ ਸਕੇ। ਪਰ ਇਸ ਨੂੰ ਮੰਡੀਕਰਣ ਅਤੇ ਰਾਜਸੀ ਪ੍ਰਭਾਵ ਵਾਲੇ ਕੰਮਾਂ ਵਾਲੇ ਪਾਸੇ ਵਰਤਣਾ ਸ਼ੁਰੂ ਕਰ ਦਿੱਤਾ ਜਿਸਦਾ ਉਸ ਵੱਲੋਂ ਸਖਤ ਵਿਰੋਧ ਕੀਤਾ ਗਿਆ। ਡਾ. ਨਈਅਰ ਇਸ ਵਿਚ ਸਮੀਰਾ ਦੀ ਮਦਦ ਕਰਦੀ ਹੈ। ਸੁਮੀਰਾ ‘ਗੌਡਾ’ ਨੂੰ ਕਹਿੰਦੀ ਹੈ ਕਿ ਉਹ ਆਪਣੇ ਮਾਪ-ਦੰਡਾਂ ਤੋਂ ਅੱਗੇ ਕੰਮ ਕਰ ਰਿਹਾ ਹੈ, ਕਿਉਂ ਕਿ ਉਹ ਮਨੁੱਖੀ ਰਿਸ਼ਤਿਆਂ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕਦਾ, ਜੋ ਇਹ ਨਹੀਂ ਮੰਨਦਾ।

ਇਸ ਤੋਂ ਬਾਅਦ ‘ਗੌਡਾ’ ਆਪਣੀ ਪਹੁੰਚ ਵਾਲੇ ਸਾਰੇ ਪੁਆਇੰਟਾਂ ਤੋਂ ਗਾਇਬ ਹੋ ਜਾਂਦਾ ਹੈ। ਸੁਮੀਰਾ ਹੈਰਾਨ ਹੁੰਦੀ ਹੈ ਕਿ ਏ.ਆਈ. ਇਸ ਤਰ੍ਹਾਂ ਕਿਵੇਂ ਗਾਇਬ ਹੋ ਸਕਦੀ ਹੈ? ਪਹਿਲਾਂ ਤਾਂ “ਅੱਪਗ੍ਰੇਡੇਸ਼ਨ ਲਈ ਅਸਥਾਈ ਤੌਰ ‘ਤੇ ਬੰਦ ਹੈ” ਦਾ ਬੋਰਡ ਲੱਗਦਾ ਹੈ ਅਤੇ ਫਿਰ ਇਹ ਸਦਾ ਲਈ ਬੰਦ ਹੋ ਜਾਂਦਾ ਹੈ।

ਵਿਸ਼ੇ ਪ੍ਰਚੱਲਤ ਵਿਸ਼ਿਆਂ ਨਾਲੋਂ ਵੱਖਰੇ ਹਨ ਅਤੇ ਇਹ ਭਵਿੱਖ ਵਿੱਚ ਏ.ਆਈ. ਬਾਰੇ ਬਾਖ਼ੂਬੀ ਚਾਨਣਾ ਪਾਉਂਦੇ ਹਨ। ਇਹ ਖ਼ਦਸ਼ਾ ਵੀ ਹੈ ਕਿ ਏ.ਆਈ. ਕਿਧਰੇ ਮਨੱਖੀ ਸੋਚ ਨਾਲੋਂ ਵੀ ਅੱਗੇ ਜਾ ਕੇ ਵਿਨਾਸ਼ ਦਾ ਕਾਰਨ ਨਾ ਬਣ ਜਾਏ, ਜਿਹਾ ਕਿ ਆਲਡੂਅਸ ਹੱਕਸਲੇ ਦਾ ਕਹਿਣਾ ਹੈ {‘ਵਰਲਡ ਗਵਰਨਮੈਂਟ’)।

ਮੈਂ ਡਾ. ਡੀ.ਪੀ. ਸਿੰਘ ਨੂੰ ਵਧਾਈ ਦਿੰਦਾ ਹਾਂ, ਕਿਉਂਕਿ ਉਨ੍ਹਾਂ ਨੇ ਅਜਿਹੇ ਵਿਸ਼ੇ ਵੱਲ ਸਾਡਾ ਧਿਆਨ ਦਿਵਾਇਆ ਹੈ। ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਕਰਦਾ ਹਾਂ। ਪੁਸਤਕ ‘ਐਮਾਜ਼ੋਨ’, “ਐਮਾਜ਼ੋਨ ਡੌਟ ਕੌਮ” ਅਤੇ “ਐਮਾਜ਼ੋਨ ਡੌਟ ਸੀਏ” ਰਾਹੀਂ ਉਪਲਬਧ ਹੈ। ਕੀਮਤ 10 ਅਮਰੀਕਨ ਡਾਲਰ ਹੈ।

(ਡਾ. ਡੀ. ਪੀ. ਸਿੰਘ ਕੈਂਬ੍ਰਿਜ਼ ਲਰਨਿੰਗ, ਮਿਸੀਸਾਗਾ, ਓਂਟਾਰੀਓ, ਕੈਨੇਡਾ, ਡਾਇਰੈਕਟਰ ਹਨ)।

"ਸਿੱਖ ਜਗਤ ਲਈ ਸ੍ਰੀ ਅਕਾਲ ਤਖਤ ਸਾਹਿਬ ਦਾ ਮਹੱਤਵ"
ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਬਾਰੇ "ਸੇਵਾ ਨਿਯਮ" ਬਣਾਉਣਾ,
ਕਿੰਨਾ ਕੁ ਘਾਤਕ ਹੋ ਸਕਦਾ ਹੈ ?

ਡਾ. ਸਰਦਾਰ ਦਲਜੀਤ ਸਿੰਘ, ਐਲ ਐਲ. ਐਮ. ਪੀਐਚ.ਡੀ,
ਸਾਬਕਾ ਪ੍ਰਿੰਸੀਪਲ, ਖਾਲਸਾ ਕਾਲਜ ਅੰਮ੍ਰਿਤਸਰ
ਅਤੇ ਲਾਅ ਪ੍ਰੋਫੈਸਰ, ਜੀ. ਐਨ. ਡੀ. ਯੂ;
ਵਾਈਸ ਚਾਂਸਲਰ. ਰਿਆਤ ਬਾਹਰਾ ਯੂਨੀਵਰਸਿਟੀ, ਮੋਹਾਲੀ

ਸ੍ਰੀ ਅਕਾਲ ਤਖਤ ਸਾਹਿਬ ਦੁਨੀਆਂ ਦਾ ਉਹ ਵਿਲੱਖਣ ਮੀਰੀ ਪੀਰੀ ਦਾ ਮਹਾਨ ਤਖਤ ਹੈ, ਜਿਸ ਦੇ ਹੁਕਮ ਦੁਨੀਆਂ ਵਿੱਚ ਵੱਸਦੇ ਹਰ ਇੱਕ ਸਿੱਖ ਨੂੰ ਮੰਨਣ ਵਿੱਚ ਮਾਣ ਮਹਿਸੂਸ ਹੁੰਦਾ ਰਿਹਾ ਹੈ। ਪਰ ਅਜੋਕੇ ਸਮੇਂ ਵਿੱਚ ਸਿੱਖ ਕੌਮ ਵਿੱਚ ਇਸ ਦੀ ਸਰਬ ਉੱਚਤਾ ਬਾਰੇ ਜੋ ਭੱਬਲਭੂਸਾ ਜਾ ਬੇਭਰੋਸਗੀ ਦਾ ਆਲਮ ਬਣਾਇਆ ਗਿਆ ਹੈ, ਇਹ ਸਿੱਖਾਂ ਦੀ ਸੁਤੰਤਰ ਹੋਂਦ ਲਈ ਬਹੁਤ ਘਾਤਕ ਸਾਬਤ ਹੋ ਸਕਦਾ ਹੈ, ਜੇ ਸਿੱਖ ਕੌਮ ਦੇ ਜਿਉਂਦੀ ਜਾਗਦੀ ਜ਼ਮੀਰ ਵਾਲੇ ਬੁੱਧੀਜੀਵੀਆਂ, ਸਾਹਿਤਕਾਰਾਂ, ਇਤਿਹਾਸਕਾਰਾਂ, ਕਾਨੂੰਨੀ ਘਾੜਿਆਂ ਜਾਂ ਧਾਰਮਿਕ ਆਗੂਆਂ ਨੇ ਇਸ ਦੀ ਆਜ਼ਾਦ ਅਤੇ ਮਹਾਨ ਹੋਂਦ ਨੂੰ ਕਾਇਮ ਰੱਖਣ ਲਈ ਕੋਈ ਹੰਬਲਾ ਨਾ ਮਾਰਿਆ!

ਕਿਸੇ ਵੀ ਇੱਕ ਨੇਤਾ ਜਾਂ ਪਾਰਟੀ, ਭਾਵੇਂ ਉਹ ਸਿੱਖਾਂ ਨਾਲ ਹੀ ਸੰਬੰਧਿਤ ਕਿਉਂ ਨਾ ਹੋਵੇ, ਉਸ ਪਾਸੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਉੱਚਤਾ ਕਾਇਮ ਰੱਖਣ ਬਾਰੇ ਸੋਚਣਾ, ਸ਼ਾਇਦ ਸਿੱਖਾਂ ਲਈ ਸਿਆਣਪ ਨਹੀਂ ਹੋਵੇਗੀ!



ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਭੂਸਤਾ ਨੂੰ ਖੋਰਾ ਲਾਉਣ ਦਾ ਬੀੜਾ ਕੁਝ ਸਿੱਖਾਂ ਨੂੰ, ਸਿੱਖ ਵਿਰੋਧੀ ਸੰਸਥਾਵਾਂ ਵੱਲੋਂ, ਲੁਕਵੇਂ ਅਤੇ ਵਿਧੀਬਧ ਤਰੀਕੇ ਨਾਲ ਲਾਇਆ ਜਾਂਦਾ ਰਿਹਾ ਹੈ, ਜਿਸ ਦਾ ਖੁੱਲੇ ਰੂਪ ਵਿੱਚ ਕੁੱਝ ਪ੍ਰਗਟਾਵਾ ਅਜੋਕੇ ਸਮੇਂ ਵਿੱਚ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ 400 ਸਾਲਾ ਸ਼ਤਾਬਦੀ ਸਮਾਰੋਹ ਨੂੰ ਮਨਾਉਂਦੇ ਹੋਏ, ਸਿੱਖਾਂ ਦੀ ਸਿਰਮੌਰ ਵਿਦਿਅਕ ਸੰਸਥਾ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ 30 ਜੂਨ, 2006 ਨੂੰ ਇੱਕ ਸੈਮੀਨਾਰ ਕਰਵਾਇਆ ਗਿਆ।

ਇਸ ਦਾ ਪ੍ਰਧਾਨਗੀ ਭਾਸ਼ਣ ਉਸ ਸਮੇਂ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਤਾ ਗਿਆ। ਵੱਡੀ ਗਿਣਤੀ ਵਿੱਚ ਸਰੋਤਿਆਂ ਅਤੇ ਮੰਚ ਤੇ ਤਖਤ ਸਾਹਿਬਾਨਾਂ ਦੇ ਜਥੇਦਾਰਾਂ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਵਕਤ ਦੇ ਪ੍ਰਧਾਨ ਸ੍ਰ. ਅਵਤਾਰ ਸਿੰਘ ਮੱਕੜ, ਸ੍ਰ. ਕਿਰਪਾਲ ਸਿੰਘ ਬਡੂੰਗਰ, ਸ੍ਰ. ਸੁਖਦੇਵ ਸਿੰਘ ਭੌਰ ਅਤੇ ਸ੍ਰ. ਹਰਨਾਮ ਸਿੰਘ ਧੁੰਮਾ ਵੀ ਸ਼ਾਮਿਲ ਸਨ। ਉਸ ਵਕਤ ਮੈਂ ਖਾਲਸਾ ਕਾਲਜ ਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾ ਰਿਹਾ ਸੀ। ਮੈਨੂੰ ਆਪਣੇ ਵਿਚਾਰ ਇੱਕ ਪੇਪਰ, "ਸਿੱਖ ਜਗਤ ਲਈ ਸ੍ਰੀ ਅਕਾਲ ਤਖਤ ਸਾਹਿਬ ਦਾ ਮਹੱਤਵ" ਪੇਸ਼ ਕਰਕੇ ਸਾਂਝੇ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਮੈਂ ਅੱਜ ਉਸ ਉਪਰੋਕਤ ਪੇਪਰ ਦੀ ਹੂਬਹੂ ਕਾਪੀ ਪੇਸ਼ ਕਰ ਰਿਹਾ ਹਾਂ:

“ਸਿੱਖ ਜਗਤ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਹੱਤਵ: ਅਕਾਲ ਪੁਰਖ ਨੇ ਇਸ ਧਰਤੀ ਨੂੰ ਇਕ ਬਿਸਾਤ ਵਾਂਗ ਸਾਜਿਆ ਹੈ, ਜਿਸ ਉਪਰਲੇ ‘ਦਿਵਸ-ਰਾਤ’ ਦੇ ਕਾਲੇ ਚਿੱਟੇ ਖਾਨਿਆਂ ਵਿਚ ਸਾਰੀ ਸ੍ਰਿਸ਼ਟੀ ਦੀ ਖੇਡ ਚੱਲ ਰਹੀ ਹੈ। ਪੰਦਰਵੀਂ-ਸੋਲਵੀਂ ਸਦੀ ਦੌਰਾਨ ਜਦੋਂ ਬਾਬਰਕਿਆ ਦੇ ਟਾਕਰੇ ਲਈ ਬਾਬੇ-ਕਿਆਂ ਨੇ ਸੱਚ ਦਾ ਝੰਡਾ ਬੁਲੰਦ ਕੀਤਾ, ਤਾਂ ਮੁੜ ਉਹ ਅੱਜ ਤਕ ਝੁਕਿਆ ਨਹੀਂ, ਭਾਵੇਂ ਉਸ ਦੀ ਕਾਇਮੀ ਲਈ ਖ਼ੁਦ ਗੁਰੂ ਸਾਹਿਬਾਨ ਤੇ ਫਿਰ ਉਨ੍ਹਾਂ ਦੇ ਸਾਜੇ ਖ਼ਾਲਸਾ ਪੰਥ ਨੂੰ ਕਿੰਨੀਆਂ ਵੀ ਕੁਰਬਾਨੀਆਂ ਦੇਣੀਆਂ ਪਈਆਂ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਪਿੱਛੇ ਪ੍ਰਮੁੱਖ ਸੰਕਲਪ ਗੁਰਮਤਿ ਅਨੁਸਾਰੀ ਅਜਿਹੀ ਜੀਵਨ-ਜੁਗਤਿ ਨੂੰ ਦ੍ਰਿੜ੍ਹ ਕਰਵਾਉਣਾ ਸੀ, ਜਿਸ ਵਿਚ ਮੀਰੀ ਤੇ ਪੀਰੀ ਬਰਾਬਰੀ ਦਾ ਦਰਜਾ ਰਖਦੀਆਂ ਹਨ।

ਗੁਰਮਤਿ ਦਰਸ਼ਨ ਨੇ ਮਾਨਵ ਦੀ ਆਤਮਿਕ ਆਜ਼ਾਦੀ ਨੂੰ ਕਦੇ ਵੀ ਸਾਮਾਜਿਕ ਆਜ਼ਾਦੀ ਤੋਂ ਵੱਖ ਕਰਕੇ ਨਹੀਂ ਵੇਖਿਆ। ਗੁਰੂ ਅਰਜਨ ਦੇਵ ਜੀ ਨੂੰ ‘ਯਾਸਾ’ ਦੇ ਕਾਨੂੰਨ ਤਹਿਤ ਤਸੀਹੇ ਦੇ ਕੇ ਸ਼ਹੀਦ ਕਰਦਿਆਂ ਸਿੱਖਾਂ ਅੰਦਰ ਜੋ ਦਹਿਸ਼ਤ ਫੈਲਾਉਣੀ ਚਾਹੀ ਸੀ, ਗੁਰੂ ਹਰਗੋਬਿੰਦ ਸਾਹਿਬ ਜੀ ਨੇ ਉਸੇ ਦੇ ਟਾਕਰੇ ਤੇ ਇਕ‘ਸਵੈ-ਸਿੱਧ ਖ਼ਾਲਸਾ ਨਿਜ਼ਾਮ’ ਦੀ ਨੀਂਹ, ਅਕਾਲ ਤਖ਼ਤ ਦੇ ਰੂਪ ਵਿਚ ਰੱਖੀ, ਜਿਸ ਦੀ ਸਰਪਰਸਤੀ ਹੇਠ ਜੀਊਣ ਵਾਲਾ ਕੋਈ‘ਆਕੀ’ ਨਹੀਂ ਰਹਿੰਦਾ।

ਅਕਾਲ ਤਖ਼ਤ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੇ ਨਹੀਂ ਸਗੋਂ ਸਿੱਧਾ ਅਕਾਲ ਪੁਰਖ ਦੇ ਮਤਹਿਤ ਕਰ ਦਿੱਤਾ। ਉਸ ਦੀ ਮਾਣ-ਮਰਯਾਦਾ ਨੂੰ ਬਹਾਲ ਰੱਖਣਾ, ਹਰ ਉਦੇਸ਼ ਤੇ ਆਦੇਸ਼ ਉੱਪਰ ਸਖ਼ਤੀ ਨਾਲ ਪਹਿਰਾ ਦੇਣਾ, ਹਰ ਗੁਰਸੱਖ ਦਾ ਲਾਜ਼ਮੀ ਫ਼ਰਜ਼ ਹੈ, ਜੋ ਆਪਣੇ ਆਪ ਨੂੰ ਅਕਾਲ ਪੁਰਖ ਦੀ ਜੋਤ ਦਾ ਸਦੀਵੀ ਅੰਗ ਪ੍ਰਵਾਨਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੀ ਸਾਜਨਾ ਹੋ ਚੁੱਕੀ ਸੀ। ਪੰਗਤ ਤੇ ਸੰਗਤ ਦੀ ਪ੍ਰਥਾ ਦਾ ਕਾਇਮ ਹੋਣਾ ਸ੍ਰੀ ਗੁਰੂ ਨਾਨਕ ਦੇ ‘ਧਰਮਸਾਲ’ ਦੇ ਸੰਕਲਪ ਦੀ ਪੂਰਤੀ ਹੀ ਸੀ, ਪਰ ਜਦੋ ਇਸ ਦੀ ਦੈਵੀ ਗੁਣਾਂ ਵਾਲੀ ਪ੍ਰਭੁਸੱਤਾ ਵਿਚ, ‘ਮੱਸਾ-ਰੰਘੜੀ ਸੋਚ’ ਵਿਘਨ ਪਾਉਣ ਲੱਗੀ ਤਾਂ ਇਲਾਹੀ ਕੀਰਤਨ ਦੇ ਨਾਲ ਨਾਲ ਬੀਰ-ਰਸੀ ਵਾਰਾਂ ਦਾ ਢਾਡੀਆਂ ਰਾਹੀਂ ਗਾਇਨ ਵੀ ਲਾਜ਼ਮੀ ਹੋ ਗਿਆ, ਤਾਂ ਕਿ ਪੰਥ ਵਿਚ ਨਵੀਂ ਰੂਹ ਫੂਕੀ ਜਾ ਸਕੇ।ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਦੀ ਸਥਾਪਨਾ ਅਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਉਜਾਗਰ ਕਰਕੇ ਇਹੋ ਅਹਿਮ ਕਾਰਜ ਸਰਅੰਜ਼ਾਮ ਦਿੱਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸ਼ਸਤਰਾਂ ਦੀ ਚੜ੍ਹਤ, ਸ਼ਾਸਤਰ ਦਾ ਅਦਬ ਅਤੇ ਸੰਗਤੀ ਇਕੱਠ ਵਿਚ, ਸਰਬੱਤ ਖਾਲਸਾ ਦੇ ਰੂਪ ਵਿਚ ਲਏ ਜਾਂਦੇ ਫੈਸਲੇ, ਇਹ ਦ੍ਰਿੜ੍ਹ ਕਰਵਾਉਂਦੇ ਹਨ ਕਿ ਇਸ ਦੀ ਵਿਉਤਬੰਦੀ ਤੇ ਕਾਰਜ-ਖੇਤਰ ਸ਼ਾਹੀ ਤਖ਼ਤਾਂ ਤੋਂ ਕਿਤੇ ਉਚੇਰਾ ਹੈ। ਇਹ ਵਿਸ਼ਵ ਦੇ ਸਿੱਖ ਭਾਈਚਾਰੇ ਦੀਆਂ ਬਹੁ-ਪਰਤੀ ਤੇ ਬਹੁ-ਪੱਖੀ ਸਮੱਸਿਆਵਾਂ ਨੂੰ ਨਜਿੱਠਣ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਨ ਦਾ ਦਰ ਹੈ।

ਗੁਰੂ ਸਾਹਿਬ ਨੇ ਇਸ ਨੂੰ ਮਹਿਜ਼ ਇਕ ਇਮਾਰਤ ਹੀ ਨਹੀਂ ਬਲਕਿ ਸੰਸਥਾ ਦੇ ਰੂਪ ਵਿਚ ਸਥਾਪਤ ਕੀਤਾ ਹੈ।ਸ੍ਰੀ ਹਰਿਮੰਦਰ ਸਾਹਿਬ ਦੇ ਐਨ ਸਨਮੁੱਖ ਹੁੰਦੇ ਹੋਏ ਵੀ ਇਸ ਦਾ ਰੁਖ ਪੂਰਬ ਵੱਲ ਹੈ। ਪ੍ਰਮੁੱਖ ਥੜ੍ਹੇ ਤੇ ਉਸ ਉਪਰ ਉਸਰੀ ਸਮੁੱਚੀ ਇਮਾਰਤ ਦੀ ਬਣਤਰ ਸਪਸ਼ੱਟ ਕਰਦੀ ਹੈ ਕਿ ਖਾਲਸਾ ਨਿੱਤ ਚੜ੍ਹਦੀ ਕਲਾ ਦਾ ਅਰਦਾਸੀ ਹੈ। ਇਹੀ ਕਾਰਨ ਹੈ ਕਿ ਮੁਗ਼ਲ ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤਕ ਹੋਏ ਅਨੇਕਾਂ ਮਾਰੂ ਹਮਲਿਆਂ ਵਿਚ ਇਸ ਦੀ ਇਮਾਰਤ ਨੂੰ ਬੇਸ਼ਕ ਪਤਹਿਸ ਨਹਿਸ ਕਰ ਦਿੱਤਾ ਗਿਆ ਪਰ ਇਸ ਦੀ ਕਾਰਜ ਸ਼ੈਲੀ, ਵਿਧੀ-ਵਿਧਾਨ, ਅਖ਼ਤਿਆਰਾਂ ਤੇ ਪ੍ਰਸ਼ਾਸਨੀ ਮਿਆਰਾਂ ਨੂੰ ਕੋਈ ਵੀ ਵੇਲਾ ਚਣੌਤੀ ਨਹੀਂ ਦੇ ਸਕਿਆ। ਸਮੁੱਚੀ ਕੌਮ ਨੂੰ ਇਸ ਦੀ ਸਥਾਪਤੀ ਅਤੇ ਸਰਪਰਸਤੀ ਉਤੇ ਨਾਜ਼ ਹੈ।

ਕਾਨੂੰਨ ਦਾ ਵਿਦਿਆਰਥੀ ਹੋਣ ਦੇ ਨਾਤੇ ਮੈਨੂੰ ਇਸ ਹਕੀਕਤ ਦੀ ਸਮਝ ਇਸੇ ਢੰਗ ਨਾਲ ਆਉਂਦੀ ਹੈ ਕਿ ਜਦੋਂ ਸੰਵਿਧਾਨ ਅਤੇ ਉਸ ਦੀਆਂ ਨਰੋਈਆਂ ਕਦਰਾਂ ਕੀਮਤਾਂ ਉਤੇ ਪਹਿਰਾ ਦੇਣ ਵਾਲੇ ਕਾਇਮ ਹੋਣ ਤਾਂ ਫਿਰ ਇਮਾਰਤਾਂ ਦੇ ਢਾਂਚੇ ਕਿੰਨੇ ਵੀ ਰੂਪ ਵਟਾਉਂਦੇ ਰਹਿਣ, ਸੰਸਥਾਗਤ ਢਾਂਚੇ ਪੂਰੀ ਦ੍ਰਿੜ੍ਹਤਾ ਨਾਲ ਕਾਇਮ ਰਹਿੰਦੇ ਹਨ।

ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੁੰਦੇ ਹਰੇਕ ਹੁਕਮਨਾਮੇ ਤੇ ਇਕ ਮੋਹਰ ਲਗਦੀ ਹੈ, ਜਿਸ ਵਿਚ ਉਕਰੇ ਸ਼ਬਦ ਹਨ :-

ਦੇਗ ਤੇਗ਼ ਫ਼ਤਹ ਨੁਸਰਤ ਬੇਦਰੰਗ॥
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ਫ਼ਾਰਸੀ ਦੇ ਇਨ੍ਹਾਂ ਸ਼ਬਦਾਂ ਤੋਂ ਭਾਵ ਹੈ ਕਿ ਲੰਗਰ ਚਲਦਾ ਰਹੇ ਅਤੇ ਤਲਵਾਰ ਦੁਆਰਾ ਫ਼ਤਹਿ ਪ੍ਰਾਪਤ ਹੁੰਦੀ ਰਹੇ। ਇਹ ਵਰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਤੋਂ ਬੇਦਰੰਗ (ਯਾਅਨੀ ਅਮੁੱਕ ਤੇ ਨਿਧੜਕ ਸਹਾਇਤਾ) ਪ੍ਰਾਪਤ ਕੀਤਾ ਹੈ।

ਖ਼ਾਲਸੇ ਨੇ ਇਕ ਸਿੱਕਾ ਸੰਨ 1765 ਈ: ਵਿਚ ਜਾਰੀ ਕੀਤਾ ਸੀ, ਜਿਸ ਉਪਰ ਇਹ ਸ਼ਬਦ ਉਕੱਰੇ ਸਨ। ਆਮ ਤੌਰ ਤੇ ਰਾਜੇ ਮਹਾਰਾਜੇ ਆਪਣੇ ਨਾਂ ਦਾ ਸਿੱਕਾ ਜਾਰੀ ਕਰਦੇ ਰਹੇ ਹਨ, ਇਹ ਸਿੱਕਾ ਅਕਾਲ ਪੁਰਖ ਦੀ ਅਖੰਡ ਅਤੇ ਅਤੁੱਟ ਬਖਸ਼ਿਸ਼ ਦਾ ਪ੍ਰਤੀਕ ਹੈ। ਇਸ ਲਿਹਾਜ਼ ਨਾਲ ਇਹ ਮੋਹਰ ਵੀ ਕਿਸੇ ਵਿਅਕਤੀ ਵਿਸ਼ੇਸ਼ ਦੀ ਨਹੀਂ ਸਗੋਂ ਅਕਾਲ ਪੁਰਖ ਦੀ ਸਰਵੁੱਚਤਾ ਤੇ ਸਵੈ-ਸੰਪਨਤਾ ਨੂੰ ਹੀ ਪ੍ਰਗਟਾਉਂਦੀ ਹੈ, ਜਿਸ ਵਿਚ 'ਸ੍ਰੀ ਅਕਾਲ ਤਖ਼ਤ ਸਾਹਿਬ' ਤੋਂ ਪਹਿਲਾਂ ਵਿਚਕਾਰ "ਸ੍ਰੀ ਅਕਾਲ ਜੀ ਸਹਾਇ" ਉਕੱਰਿਆ ਹੋਇਆ ਹੈ। ਇਹ ਪ੍ਰਭੁਸੱਤਾ ਸੰਪਨ ਨਿਸ਼ਾਨ ਹੈ, ਜਿਸ ਅੱਗੇ ਪੂਰੀ ਸਿੱਖ ਕੌਮ ਬਿਨਾਂ ਸ਼ਰਤ ਸੀਸ ਝੁਕਾਂਉਦੀ ਹੈ।

ਕੋਈ ਵੇਲਾ ਸੀ, ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ 'ਸਰਬਰਾਹ' ਹੋਇਆ ਕਰਦਾ ਸੀ। ਵੇਲੇ ਦੇ ਫੇਰ ਬਦਲ ਵਿਚ ਇਹ ਲਫ਼ਜ਼ 'ਜਥੇਦਾਰ' ਬਣ ਗਿਆ। ਸਨ 1925 ਈ: ਵਿਚ ਬਣੇ ਸਿੱਖ ਗੁਰਦੁਆਰਾ ਐਕਟ ਵਿਚ ਕਿਧਰੇ ਵੀ 'ਜਥੇਦਾਰ' ਲਫਜ਼ ਦੀ ਹੋਂਦ ਨਹੀਂ ਹੈ।

ਅੱਜ ਨਵੇਂ ਸਿਰਿਓਂ 'ਆਲ ਇੰਡੀਆ ਸਿੱਖ ਗੁਰਦੁਆਰਾ ਐਕਟ' ਬਣਾਉਣ ਦੀਆਂ ਯੋਜਨਾਵਾਂ ਚੱਲ ਰਹੀਆਂ ਹਨ। ਸ੍ਰੀ ਅਕਾਲ ਤਖ਼ਤ ਦੇ ਸਰਬਰਾਹ ਜੋ ਕਿ ਕਿਸੇ ਦੁਨਿਆਵੀ ਜਾਂ ਸੰਵਿਧਾਨਿਕ ਕਾਨੂੰਨ ਤੋਂ ਬਹੁਤ ਉਚੇਰੇ ਅਤੇ ਇਖ਼ਲਾਕੀ ਤੌਰ ਤੇ ਏਨੇ ਸਵੈ-ਸਿੱਧ ਹਨ ਕਿ ਉਨ੍ਹਾਂ ਦੀ ਜੀਵਨ-ਜੁਗਤਿ ਹੀ ਸਰਵੁੱਚਤਾ ਦੀ ਗਵਾਹੀ ਹੈ। ਉਸ ਨੂੰ ਵੀ ਕੁਝ ਕੱਟੜਵਾਦੀ ਗ਼ੈਰ ਸਿੱਖ ਸੰਸਥਾਵਾਂ ਦੀਆਂ ਗਿਣੀਆਂ ਮਿੱਥੀਆਂ ਸਾਜ਼ਿਸ਼ਾਵਾਂ ਅਧੀਨ ਦੁਨਿਆਵੀ ਕਾਨੂੰਨ ਅਤੇ ਨਾਮ-ਨਿਹਾਦ ਯੋਗਤਾਵਾਂ ਦੇ ਸ਼ਿਕੰਜੇ ਵਿਚ ਕੱਸ ਕੇ, ਨੀਵਾਂ ਦਿਖਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਪੰਥ ਹਿਤੈਸ਼ੀਆਂ, ਬੁੱਧੀਜੀਵੀਆਂ ਤੇ ਕੌਮ-ਪ੍ਰਸਤ ਆਗੂਆਂ ਨੂੰ ਇਸ ਨਾਜ਼ੁਕ ਪਹਿਲੂ ਵੱਲ ਧਿਆਨ ਦੇਣ ਦੀ ਲੋੜ ਹੈ। ਇਹ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਾਹੁਣ ਨਾਲੋਂ ਵੀ ਵੱਡਾ ਤੇ ਬੱਜਰ ਗੁਨਾਹ ਹੋਵੇਗਾ ਅਤੇ ਸਿੱਖ ਕੌਮ ਦੀ ਨਿਆਰੀ ਸ਼ਨਾਖ਼ਤ ਲਈ ਮਾਰੂ ਸਿੱਧ ਹੋਵੇਗਾ।

ਸਿੱਖ ਕੌਮ ਤਾਂ ਮੁੱਢੋਂ ਹੀ ਏਨੀ ਭੋਲੀ ਹੈ ਕਿ 'ਸਰਬੱਤ ਦੇ ਭਲੇ' ਦੀ ਲੋਚਾਂ ਵਿਚ ਉਨ੍ਹਾਂ ਵਰਗਾਂ ਕੋਲੋਂ ਆਪਣਾ ਆਪ ਕੁਹਾਉਂਦੀ ਆਈ ਹੈ, ਜਿਹੜੇ ਕਦੇ ਵੀ ਇਸ ਦੇ ਸਕੇ ਨਹੀਂ ਸਨ, ਨਾ ਹੋਣੇ। ਤਿਲਕ ਜੰਞੂ ਦੀ ਰਾਖੀ ਲਈ ਕਸ਼ਮੀਰੀ ਪੰਡਿਤਾਂ ਦੀ ਇਕ ਪੁਕਾਰ ਤੇ ਆਪਣਾ ਸੀਸ ਵਾਰ ਦੇਣ ਵਾਲੇ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਮਗਰੋਂ ਉਨ੍ਹਾਂ ਦੀ ਦੇਹ ਸੰਭਾਲਣ ਵੇਲੇ, ਉਹ ਸਾਰੇ ਕਿਧਰ ਛਾਈਂ ਮਾਈਂ ਹੋ ਗਏ, ਜਿਨ੍ਹਾਂ ਖਾਤਰ ਕੁਰਬਾਨੀ ਦਿੱਤੀ ਗਈ ਸੀ? ਅੱਜ ਵੀ ਗੁਰੂ ਸਾਹਿਬ ਨੂੰ 'ਹਿੰਦ ਦੀ ਚਾਦਰ' ਆਖ ਕੇ ਅਸੀਂ ਖ਼ੁਦ ਹੀ ਮਾਣ-ਮੱਤੇ ਹੁੰਦੇ ਆਏ ਹਾਂ। ਕੀ ਕਦੇ ਹਿੰਦੁਸਤਾਨ ਦੇ ਬਾਕੀ ਸੂਬਿਆਂ ਜਾਂ ਵਰਗਾਂ ਨੇ ਵੀ ਇਸ ਤੱਥ ਨੂੰ ਪ੍ਰਵਾਨਗੀ ਜਾਂ ਮਾਣ ਦਿੱਤਾ ਹੈ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 'ਸਿੱਖ ਇਤਿਹਾਸ ਰਿਸਰਚ ਬੋਰਡ' ਵਲੋਂ 1965 ਈ: ਵਿਚ ਛਪੀ ਡਾ: ਗੰਡਾ ਸਿੰਘ ਦੁਆਰਾ ਸੰਪਾਦਿਤ ਪੁਸਤਕ, Some Confidential Papers of the Akali Movement ("ਅਕਾਲੀ ਲਹਿਰ ਦੇ ਕੁਝ ਗੁਪਤ ਕਾਗਜ਼"),ਵਿਚ 1925 ਈ: ਦੇ ਸਿੱਖ ਗੁਰਦੁਆਰਾ ਐਕਟ ਉਪ ਸਿਰਲੇਖ ਹੇਠ ਇਹ ਤੱਥ ਦਰਜ ਹੈ, ਕਿ ਜਦੋਂ ਸਰ ਮੈਲਕਮ ਹੇਲੀ ਪੰਜਾਬ ਦਾ ਗਵਰਨਰ ਬਣ ਕੇ ਸਰ ਐਡਵਰਡ ਮੈਕਲਾਗਨ ਦੀ ਥਾਂ ਆਇਆ ਤਾਂ ਇਕ ਆਮ ਸਿਆਸਤਦਾਨ ਵਾਂਗ ਉਸ ਸਪਸ਼ਟ ਆਖਿਆ:

"Why delay the Bill and let the Government get the blame. Give it to them and also their Gurdwaras. They will then quarrel among themselves. The Government will be free to do something else."

(ਦੇਰੀ ਕਿਉਂ ਕੀਤੀ ਜਾਵੇ ਅਤੇ ਸਰਕਾਰ ਨੂੰ ਦੋਸ਼ੀ ਕਿਉਂ ਠਹਿਰਾਇਆ ਜਾਵੇ। ਇਹ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਗੁਰਦੁਆਰਿਆਂ ਨੂੰ ਵੀ ਦੇ ਦਿਓ। ਫਿਰ ਉਹ ਆਪਸ ਵਿੱਚ ਝਗੜਾ ਕਰਨਗੇ। ਸਰਕਾਰ ਕੁਝ ਹੋਰ ਕਰਨ ਲਈ ਸੁਤੰਤਰ ਹੋਵੇਗੀ।)

ਉਹ "ਜਾਤ ਪਾਤ ਸਿੰਘਨ ਕੀ ਦੰਗਾ" ਵਾਲੇ ਤੱਥ ਤੋਂ ਜਾਣੂੰ ਸੀ। ਸਰਕਾਰ ਨੂੰ ਆਪਣੇ ਸਿਰ ਦੋਸ਼ ਲੈਣ ਦੀ ਲੋੜ ਹੀ ਕੀ ਹੈ। ਇਨ੍ਹਾਂ ਨੂੰ ਇਨ੍ਹਾਂ ਦੇ ਹਾਲ ਤੇ ਹੀ ਛੱਡ ਦਿਓ, ਇਹ ਆਪਸ ਵਿਚ ਹੀ ਲੜ ਲੜ ਮਰ ਜਾਣਗੇ ... ਕੀ ਉਸ ਦੀ ਇਹ ਭਵਿੱਖਬਾਣੀ ਅੱਜ ਤਕ ਦੁਨੀਆਂ ਭਰ ਦੇ ਗੁਰਦੁਆਰਿਆਂ ਦੀਆਂ ਸਥਾਨਕ ਕਮੇਟੀਆਂ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਦੇ ਆਪਸੀ ਵਿਵਾਦਾਂ ਤਕ ਸੱਚ ਸਿੱਧ ਨਹੀਂ ਹੋ ਰਹੀ?

ਇਸ ਵਿਚੋਂ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਫਿਰ ਪਾਕਿਸਤਾਨ ਦੀ ਕਮੇਟੀ, ਅਮਰੀਕਨ ਪ੍ਰਬੰਧਕ ਕਮੇਟੀ ਤੇ ਹੁਣ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਉਜਾਗਰ ਹੋ ਰਹੀਆਂ ਹਨ। ਜੇ ਸਮੁੱਚੇ ਵਿਸ਼ਵ ਵਿੱਚ ਫੈਲਿਆ ਸਿੱਖ ਪੰਥ ਹਕੀਕੀ ਰੂਪ ਵਿਚ ਮੀਰੀ ਪੀਰੀ ਦੇ ਸਿਧਾਂਤ ਦਾ ਜ਼ਾਮਨ ਹੈ ਅਤੇ ਆਪਣੀ ਰਾਜਨੀਤੀ ਨੂੰ ਧਰਮ ਦੇ ਮਾਤਹਿਤ ਚਲਾਉਂਦਾ ਹੈ ਤਾਂ ਦਿਨੋਂ ਦਿਨ ਇਹ ਨੌਬਤ ਕਿਉਂ ਆ ਰਹੀ ਹੈ? ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਵਿੱਤਰ ਸਿਰਜਣਾ ਦਿਵਸ ਦੀ ਚੌਥੀ ਸ਼ਤਾਬਦੀ ਨੂੰ ਸਮਰਪਤ ਇਸ ਸੈਮੀਨਾਰ ਦੇ, ਇਸ ਜ਼ਿੰਮੇਵਾਰ ਤੇ ਪੰਥਕ ਸੋਚ ਵਾਲੇ ਮੰਚ ਤੋਂ ਇਹ ਅਹਿਦ ਕੀਤਾ ਜਾਣਾ ਜ਼ਰੂਰੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਨਾਨਕ ਤੋਂ ਵਰੋਸਾਈ ਜਿਸ ਦ੍ਰਿਸ਼ਟੀ ਸੰਗ ਇਸ ਤਖ਼ਤ ਦੀ ਸਥਾਪਨਾ ਕੀਤੀ ਸੀ ਉਸ ਵਿਚੋਂ ਇਹ ਮੁਬਾਰਕ ਭਾਵਨਾ ਉਜਾਗਰ ਹੋਣੀ ਲਾਜ਼ਮੀ ਹੈ।

ਆਪੇ ਸਿਧ ਸਾਧਿਕ ਵੀਚਾਰੀ॥
ਆਪੇ ਰਾਜਨੁ ਪੰਚਾ ਕਾਰੀ॥
ਤਖਤਿ ਬਹੈ ਅਦਲੀ ਪ੍ਰਭੁ ਆਪੇ॥
ਭਰਮੁ ਭੇਦੁ ਭਉ ਜਾਈ ਹੇ॥
(ਮਾਰੂ ਮਹਲਾ 1, ਅੰਗ 1022)

ਅਕਾਲ ਤਖ਼ਤ ਤੋਂ ਜਾਰੀ ਕਿਸੇ ਵੀ ਫੁਰਮਾਣ ਨੂੰ ਜੇ ਸੰਗਤ ਅਕਾਲ ਪੁਰਖ ਦਾ ਫੁਰਮਾਣ ਜਾਣ ਕੇ ਸੀਸ ਝੁਕਾਉਂਦੀ ਹੈ ਤਾਂ ਫਿਰ

ਤਖਤਿ ਬਹੈ ਤਖਤੈ ਕੀ ਲਾਇਕ॥
ਪੰਚ ਸਮਾਏ ਗੁਰਮਤਿ ਪਾਇਕ॥
ਆਦਿ ਜੁਗਾਦੀ ਹੈ ਭੀ ਹੋਸੀ
ਸਹਸਾ ਭਰਮੁ ਚੁਕਾਇਆ॥
(ਮਾਰੂ ਮਹਲਾ 1, ਅੰਗ 1039)

ਇਹ ਭਾਵਨਾ ਕਾਇਮ ਰਹਿਣੀ ਚਾਹੀਦੀ ਹੈ। ਅਕਾਲ ਤਖ਼ਤ ਉੱਤੇ ਬਹਿ ਕੇ ਅਕਾਲ ਪੁਰਖ ਤੋਂ ਵਰੋਸਾਈ ਸੋਚ ਤੇ ਪਹਿਰਾ ਦੇਣ ਵਾਲੀ ਸ਼ਖ਼ਸੀਅਤ ਉਪਰ ਕਿਸੇ ਨੂੰ 'ਸੰਸਾ' ਜਾ 'ਭਰਮ' ਨਹੀਂ ਹੋਣਾ ਚਾਹੀਦਾ ਕਿ ਉਸ ਦੇ ਨਿਰਣੇ ਵਿਅਕਤੀਗਤ ਹਨ, ਕਿਉਂਕਿ 'ਤਖਤਿ ਸਲਾਮ ਹੋਵੈ ਦਿਨ ਰਾਤੀ' ਮੁਤਾਬਿਕ ਸਿੱਖ ਕੌਮ ਦਾ ਸਲਾਮ ਤਾਂ ਤਖ਼ਤ ਨੂੰ ਹੈ, ਉਸ ਦੇ ਸਰਬਰਾਹ ਦੀ ਜ਼ਾਤ ਨੂੰ ਨਹੀਂ, ਉਸ ਅੰਦਰ ਵਿਆਪਦੀ ਅਬਚਲੀ ਜੋਤ ਵਿਚੋਂ ਉਜਾਗਰ ਹੋਣ ਵਾਲੀ ਜੀਵਨ-ਜੁਗਤਿ ਨੂੰ ਹੈ, ਜਿਸ ਵਿਚੋਂ ਪੂਰੀ ਕੌਮ ਜੀਉਂਦੇ ਜੀਅ ਰਾਹ ਭਾਲਦੀ ਹੈ। ਸਮੁੱਚੀ ਸਿੱਖ ਕੌਮ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਹੋ ਮਹੱਤਵ ਹੈ।"

ਇਸ ਲੇਖ ਨੂੰ ਪੜ੍ਹਨ ਤੋਂ ਬਾਅਦ ਸ਼ਾਇਦ ਤੁਸੀਂ ਅੰਦਾਜ਼ਾ ਲਾ ਲਵੋਂਗੇ ਕਿ ਜੋ ਕੁਝ ਅੱਜ ਵਾਪਰ ਰਿਹਾ ਹੈ, ਉਸ ਦਾ ਖਦਸ਼ਾ ਮੈਂ 2006 ਵਿੱਚ ਇਸ ਪੇਪਰ ਰਾਹੀਂ ਕਰ ਦਿੱਤਾ ਸੀ। ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਬਾਰੇ "ਸੇਵਾ ਨਿਯਮ" ਬਣਾਉਣਾ, ਕਿੰਨਾ ਕੁ ਘਾਤਕ ਹੋ ਸਕਦਾ ਹੈ? ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਬਾਰੇ ਸੇਵਾ ਨਿਯਮ ਬਣਾਉਣਾ, ਕੀ ਕਾਨੂੰਨ ਪੱਖੋਂ ਜਾਇਜ਼ ਹੋਵੇਗਾ? ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਿੱਖ ਗੁਰਦੁਆਰਾ ਐਕਟ, 1925 ਅਧੀਨ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਬਾਰੇ ਸਰਵਿਸ ਨਿਯਮ ਬਣਾਉਣ ਦਾ ਕੋਈ ਅਖਤਿਆਰ ਹੈ? ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ "ਨੌਕਰ" ਬਣਾਏ ਜਾਣਾ, ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਉਣ ਬਰਾਬਰ ਨਹੀਂ ਹੋਵੇਗਾ? ਇਹਨਾਂ ਸਾਰੇ ਮਹੱਤਵਪੂਰਨ ਵਿਸ਼ਿਆਂ ਤੇ ਮੈਂ ਅਪਣੇ ਵਿਚਾਰ ਆਪ ਜੀ ਨਾਲ ਅਗਲੇ ਲੇਖ ਵਿੱਚ ਸਾਂਝੇ ਕਰਾਂਗਾ।

# ਜੋਤੀ ਜੋਤਿ ਰਲੀ॥

## ਭਾਗ-1

ਸਰਦਾਰ ਨਿਰਮਲ ਸਿੰਘ ਵੈਦ, ਵਿਕਟੋਰੀਆ (ਕੈਨੇਡਾ)

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥

ਗੁਰਬਾਣੀ ਵਿਚ ਜੋਤੀ ਜੋਤਿ ਸਮਾਇ, ਸਮਾਉਣ, ਮਿਲਾਏ, ਰਲੀ, ਇਸ ਤਰ੍ਹਾਂ ਦੇ ਜ਼ਿਕਰ ਮਿਲਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 845 ਤੇ ਬਿਲਾਵਲੁ ਮਹਲਾ 5 ਦੇ ਸਿਰਲੇਖ ਨਾਲ ਚਾਰ ਛੰਤਾਂ ਦਾ ਇਕ ਸੰਗ੍ਰਹਿ ਸੁਭਾਏਮਾਨ ਹੈ। ਇਸ ਵਿਚੋਂ ਚੌਥਾ ਛੰਤ ਆਮ ਕਰਕੇ ਅਰਜਨ ਪਾਤਿਸ਼ਾਹ ਜੀ ਦੇ ਸ਼ਹੀਦੀ ਦਿਹਾੜੇ ਤੇ ਪੜ੍ਹਿਆ-ਸੁਣਾਇਆ ਜਾਂਦਾ ਹੈ। ਕੀਰਤਨੀ ਸਿੰਘ ਅਤੇ ਪ੍ਰਚਾਰਕ ਆਖਦੇ ਹਨ ਕਿ ਗੁਰੂ ਸਾਹਿਬ ਰਾਵੀ ਨਦੀ ਵਿਚ ਅਲੋਪ ਹੋ ਗਏ ਤੇ ਨਾਲ ਨਾਲ ਇਸ ਛੰਤ ਦਾ ਕੀਰਤਨ ਕਰਦੇ ਹਨ ਜਾਂ ਸੁਣਾਉਂਦੇ ਹਨ ਕਿ:-

"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

"ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥"

"ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥ ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ॥4॥"



ਪਹਿਲੇ ਹਿਸੇ ਵਿਚ, "ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥" ਰਾਹੀਂ ਗੁਰੂ ਸਾਹਿਬ ਸਮਝਾਉਣਾ ਕਰਦੇ ਹਨ ਕਿ ਜਦੋਂ ਮੇਰੇ ਜਲ ਰੂਪੀ ਬਰਫ ਵਰਗੇ ਕਠੋਰ-ਹਿਦਰੇ ਨੂੰ ਸੂਰਜ ਦੀ ਕਿਰਣ

ਭਾਵ ਕਿ ਗੁਰੂ ਦੇ ਗਿਆਨ ਦੀ ਕਿਰਣ ਮਿਲੀ ਤਾਂ ਜਲ ਕਾ ਜਲੁ ਹੂਆ ਰਾਮ।

(ਪਥੱਰ ਵਰਗੇ ਕਠੋਰ ਮਨ-ਹਿਰਦੇ ਵਿਚ, ਕੋਮਲਤਾ-ਨਰਮੀ-ਸੁੰਦਰਤਾ ਆ ਗਈ)।

ਇਸੇ ਤਰਾਂ ਪੰਜਵੇਂ ਪਾਤਿਸ਼ਾਹ ਫਰਮਾਉਂਦੇ ਹਨ "ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ॥" (ਅੰਕ 400)

ਇਸੇ ਪ੍ਰਥਾਏ ਤੀਜੇ ਪਾਤਿਸ਼ਾਹ ਆਖਦੇ ਹਨ ਕਿ:

"ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ॥ ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ॥" (ਅੰਕ 35) ਜਿਉਂਦੇ ਜੀਅ ਹੀ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਹੋ ਗਈ।

ਪਹਿਲੇ ਪਤਿਸ਼ਾਹ! ਪਥਰ ਸਮਾਨ ਕਠੋਰ ਮਨ ਵਾਲੇ ਪ੍ਰਾਣੀ ਦੀ ਪ੍ਰਰਿਭਾਸ਼ਾ ਦੇਂਦੇ ਹਨ ਕਿ:-

ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥ ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ॥7॥

ਹਰਿ ਕਾ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੀਆ॥ ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ॥8॥ (ਅੰਕ 419)

(ਸੈਲ ਪਥਰੁ-ਪੱਥਰ ਵਾਂਗ, ਚਟਾਨ ਵਾਂਗ ਮਨਮੁਖਤਾ ਕਰਕੇ ਮੇਰਾ ਮਨ ਕੁਰੱਖ਼ਤ ਹੈ)।

ਸ਼ਲੋਕ ਆਸਾ-1 "ਅਪਰਾਧੀ ਮਤਿਹੀਨੁ ਨਿਰਗੁਨੁ ਅਨਾਥੁ ਨੀਚੁ॥ ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ॥ ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ॥ (ਅੰਕ 458)

ਅਰਥ: ਪ੍ਰਭ ਜੀ ਮੈਂ ਗੁਨਾਹਗਾਰ ਹਾਂ, ਅਕਲੋਂ ਸੱਖਣਾ ਹਾਂ, ਗੁਣ-ਹੀਣ ਹਾਂ, ਨਿਆਸਰਾ ਹਾਂ, ਮੰਦੇ ਸੁਭਾਵ ਵਾਲਾ ਹਾਂ। ਮੈਂ ਵਿਕਾਰੀ, ਕਠੋਰ ਚਿਤ, ਨੀਵੀਂ ਕੁਲ ਵਾਲਾ ਹਾਂ, ਮੋਹ-ਮਮਤਾ ਦੇ ਚਿਕੱੜ ਵਿੱਚ ਫਸਿਆ ਹੋਇਆ ਹਾਂ। ਮੇਰੇ ਮਨ ਨੂੰ ਭਰਮ ਤੇ ਅਹੰਕਾਰ ਹੈ, ਮਮਤਾ ਹੈ, ਇਸ ਕਰਕੇ ਮੈਂਨੂੰ ਮੌਤ ਚੇਤੇ ਨਹੀਂ ਆਉਂਦੀ।

ਪਹਿਲੇ ਹਿਸੇ ਦੀ ਦੂਸਰੀ ਤੁਕ ਵਿਚ ਪੰਜਵੇਂ ਗੁਰੂ ਸਾਹਿਬ ਆਖਦੇ ਹਨ ਕਿ:-

"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥"

ਗੁਰਬਾਣੀ ਵਿਚੋਂ ਹੀ ਸੂਰਜ ਦੀ ਪਰਿਭਾਸ਼ਾ ਸਮਝਣੀ ਪਵੇਗੀ:-

"ਮ 1: ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ॥2॥" (ਅੰਕ 1171)

ਅਰਥ: ਜਿਵੇਂ ਬਨਸਪਤੀ ਹਰੀ-ਭਰੀ ਤਾਂ ਹੈ ਪਰ ਇਸ ਦੇ ਅੰਦਰ ਅੱਗ ਵੀ ਲੁਕੀ ਰਹਿੰਦੀ ਹੈ।ਉਸੇ ਤਰ੍ਹਾਂ ਮਨੁੱਖਾ ਸਰੀਰ ਅੰਦਰ ਚੰਦੁ (ਸੀਤਲਤਾ) ਅਤੇ ਸੂਰਜ (ਰੱਬੀ ਗਿਆਨ ਦਾ ਤੇਜ ਪ੍ਰਤਾਪ) ਦੋਵੇਂ ਹੀ ਮੌਜੂਦ ਹਨ। ਉਹ ਰੱਬੀ ਗਿਆਨ ਨਾ ਹੋਣ ਕਰਕੇ ਸਰੀਰ ਦੇ ਅੰਦਰ ਵਿਕਾਰਾਂ ਦੀ ਅੱਗ ਮਚੀ ਹੋਈ ਹੈ। ਵਾਸਨਾਂਵਾਂ ਦਾ ਸਮੁੰਦਰ ਸਰੀਰ ਅੰਦਰ ਠਾਠਾਂ ਮਾਰ ਰਿਹਾ ਹੈ। ਇਸੇ ਤਰਾਂ,

"ਮ 1: ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟ ਹੋਇ॥" (ਅੰਕ13))

ਅਰਥ: ਜਦੋਂ ਤੋਂ ਪ੍ਰਕਿਰਤੀ ਹੋਂਦ ਵਿਚ ਆਈ ਹੈ ਨਿਰੰਤਰ ਬਣਦੀ ਆ ਰਹੀ ਹੈ। ਜਿਵੇਂ ਕਿ "ਆਦਿ ਸਚੁ ਜੁਗਾਦਿ ਸਚ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥1॥ ਇਹ ਨਿਜ ਘਰਿ ਵਿਚ ਜੋਤ ਸਰੂਪ, ਸ਼ਬਦ ਰੂਪੀ ਸੱਚੇ ਸਤਿਗੁਰੂ ਜੀ ਦਾ ਵਾਸਾ ਆਦਿ ਤੋਂ ਹੀ ਹਰ ਇਕ ਪ੍ਰਾਣੀ ਵਿਚ ਮੌਜੂਦ ਹੈ। ਇਸੇ ਤਰਾਂ :

"ਮ 4: ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥" (ਅੰਕ 759)

ਭਾਵ, ਕੋਈ ਵੀ ਪ੍ਰਾਣੀ ਆਪਣੇ ਨਿਜ ਘਰਿ ਵਿਚੋਂ ਸਤਿਗੁਰੁ ਦੀ ਸਿਖਿਆ ਲੈ ਕੇ ਆਪਣੇ ਅੰਦਰ ਵਸਦੀ ਜੋਤ ਨਾਲ ਇਕਮਿਕਤਾ ਪ੍ਰਾਪਤ ਕਰ ਸਕਦਾ ਹੈ।

ਹੁਣ ਪੰਜਵੇਂ ਪਾਤਿਸ਼ਾਹ ਤੋਂ "ਸੰਪੂਰਨੁ ਥੀਆ ਰਾਮ" ਸਮਝਣ ਦਾ ਯਤਨ ਕਰਦੇ ਹਾਂ:

"ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ॥ ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ॥1॥ ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ॥ ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ॥2॥" (ਅੰਕ 822)

ਅਰਥ: ਪੂਰਾ ਪ੍ਰਮੇਸ਼ਰ, ਦਇਆ ਅਤੇ ਸ਼ਾਂਤੀ ਦਾ ਪੁੰਜ ਸਾਨੂੰ ਗੁਣਾਂ ਨਾਲ ਭਰਪੂਰ ਕਰਦਾ ਹੈ। ਰੱਬੀ ਗਿਆਨ ਨਾਲ ਮੇਰੇ ਸਰੀਰ ਦੇ ਵਿਚੋਂ ਕਾਮ ਕ੍ਰੋਧ ਤ੍ਰਿਸ਼ਨਾ ਅਹੰਕਾਰ ਆਦਿ ਸਾਰੇ ਵਿਕਾਰ ਨਾਸ ਹੋ ਗਏ (*ਕਾਬੂ ਹੋ ਗਏ*)। ਗੁਰੂ ਪਾਸੋਂ ਮੈਂ ਸੇਵਾ, ਸੰਤੋਖ, ਦਇਆ, ਧਰਮ, ਪਵਿੱਤ੍ਰ ਜੀਵਨ ਦੇ ਗੁਣ ਆਪਣੇ ਅੰਦਰ ਗੁਰੂ ਦੇ ਉਪਦੇਸ਼ ਨਾਲ ਗ੍ਰਹਿਣ ਕਰਨ ਦੀ ਜੁਗਤਿ ਪ੍ਰਾਪਤ ਕਰ ਲਏ।

ਨਾਨਕ ਪਾਤਿਸ਼ਾਹ ਆਖਦੇ ਹਨ ਕਿ ਜੋ ਪ੍ਰਾਣੀ ਮਨ ਕਰਕੇ ਗੁਰੂ ਨਾਲ ਸਾਂਝ ਪਾਵੇ, ਉਸ ਨੂੰ ਉੱਚੇ ਆਤਮਕ ਜੀਵਨ ਦੀ ਸਰਬਪੱਖੀ ਸਮਝ ਹੋ ਜਾਂਦੀ ਹੈ। ਪੰਜਵੇਂ ਪਾਤਿਸ਼ਾਹ ਦੇ ਬਚਨ ਹਨ :

"ਮ 5: ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ॥ ਮਿਲਤ ਮਿਲਤ ਮਿਲਤ ਮਿਲਿ ਰਹਿਆ ਨਾਨਕ ਕਹਣੁ ਨ ਜਾਏ॥" (ਅੰਕ 884)

ਅਰਥ: ਮੇਰੇ ਇਕੋ ਇਕ ਪ੍ਰਭੂ ਜੀਓ ਤੂੰ ਸਰਬ-ਵਿਆਪਕ ਹੈਂ, ਮੁਕੰਮਲ ਤੌਰ ਤੇ ਹਰ ਥਾਂ ਤੇਰੀ ਮੌਜੂਦਗੀ ਹੈਂ। ਅਸੀਂ ਜੀਵਾਂ ਨੇ ਭੀ ਮਨ ਕਰਕੇ ਤੇਰੀ ਸੰਗਤ ਕੀਤੀ ਤੇ ਸਭ ਭੁੱਖਾਂ ਮਿਟ ਗਈਆਂ। ਤ੍ਰਿਪਤੀ ਹੋ ਗਈ। ਮੈਂ ਤੇਰੇ ਨਾਲ ਅਭੇਦ ਹੋ ਗਿਆ ਹਾਂ ਅਤੇ ਅਭੇਦ ਹੋਇਆ ਰਹਾਂਗਾ।
ਐ ਪ੍ਰਭੂ! ਨਾਨਕ ਇਸ ਅਵਸਥਾ ਨੂੰ ਵਰਨਣ ਨਹੀਂ ਕਰ ਸਕਦਾ।

"ਮ 1: ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ॥ ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ ॥2॥" (ਅੰਕ 1273)

ਅਰਥ: ਕੰਵਲ ਦਾ ਫੁਲ ਤਾਲਾਬ ਵਿਚ ਹੁੰਦਾ ਹੈ, ਸੂਰਜ ਦੀ ਕਿਰਨ ਅਸਮਾਨ ਵਿਚ ਹੁੰਦੀ ਹੈ ਫਿਰ ਭੀ ਉਸ ਕਿਰਨ ਨੂੰ ਤੱਕ ਕੇ ਕੌਲ ਫੁੱਲ ਸੁਤੇ ਹੀ ਖਿੜ ਪੈਂਦਾ ਹੈ।ਆਪਣੇ ਹਿਰਦੇ ਅੰਦਰ ਮੈਂ ਆਪਣੇ ਪਿਆਰੇ ਨਾਲ ਇਹੋ ਜੇਹੀ ਪਿਰਹੜੀ ਪਾ ਲਈ ਹੈ, ਕਿ ਮੇਰਾ ਨੂਰ ਉਸ ਦੇ ਪਰਮ ਨੂਰ ਨਾਲ ਅਭੇਦ ਹੋ ਗਿਆ ਹੈ।(ਜੋਤੀ ਜੋਤ ਮਿਲ ਗਈ)। ਇਹ ਹੈ "ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ"॥

ਭਾਗ-2 "ਸਾਂਝੀ ਵਿਰਾਸਤ" ਦੇ ਅਗਲੇ ਅੰਕ ਵਿਚ ਪੜ੍ਹਨ ਦੀ ਕਿਰਪਾ ਕਰੋ ਜੀ।

## Seva (Part-2) : Guru Arjan Sahib

**Dr. Sardar Kala Singh, Vancouver ( Canada)**

*kala.singh18@gmail.com*

ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ ॥ ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ ਮੈ ਗੁਰਮਤਿ ਨਾਮੁ ਸਮ੍ਹਾਰੇ ॥੧॥ ਰਹਾਉ ॥ AGGS 980

Godly Virtues (*Naam*) are my mind's support and body. I cannot survive for a moment, even an instant, without Guru's *Seva*. I dwell on these Virtues.

ਧਨੁ ਧਨੁ ਸੁਹਾਵੀ ਸਫਲ ਘੜੀ ਜਿਤੁ ਹਰਿ ਸੇਵਾ ਮਨਿ ਭਾਣੀ ॥ AGGS 1317

Blessed, blessed, beauteous and fruitful is that moment, when Godly Virtues become pleasing to the mind.

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥ ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥ ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥ ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥ ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥੨੫॥ AGGS 314

Fruitful and rewarding is Guru's Will to my mind and my sins run away. The Sikhs listen and surrender to True Guru's Will. *Gurmukhs* listen to the Guru's teachings, their minds blossom forth.



ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥ AGGS 1373
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥੧੬੪॥

Kabir says Guru inspires us with spiritual teachings. Both (Guru and God) are equally worthy of *Seva*, as God liberates us from entanglements.

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ AGGS 1245

Contemplate Guru's wisdom to get honour. Read and understand *Gurbani* wisely and inspire others also (*Daan*) to understand it.

Service can be done in three ways.

TANN: By Langar, cleaning and constructing Gurdwara buildings.

MANN: By contributing one's talents - creative, communicative, managerial, - to welfare of the community and the mankind, sharing the pain of others. Sikh prayer ends with a supplication for welfare of all (ਸਰਬਤ ਦਾ ਭਲਾ) as *Gurmat* views God in all creatures. *Seva* is motivated by the attitude of compassion through *Mann*. It should be done with full sincerity (*Chit*).

DHAN (Sharing): *Seva* through philanthropy was made non-personal. The *Dasvandh* by Sikhs went to the community's coffers. Personal philanthropy is debasing for receiver, and ego-enhancing. Self-effacing service is ennobling, dissolves ego and leads to self-transcendence, the ability to respond to that which is not self.

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥ AGGS 1428

Pilgrimages to shrines, ritualistic fasts, donations and taking pride in them are useless, like the elephant, which takes a bath, and then rolls in the dust.

Every single mundane activity can be an act of *Seva*, like giving seat to needy in a bus, helping someone to cross the road, helping co-worker, coming home and helping wife in cooking and cleaning etc. Thus one can be an ambassador of God, truth and love.

ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥
AGGS 33

By *Gur- Seva*, one finds Godly Virtues, blissfully dwell[ng within .

**Conclusion**: *Seva* is one of the five virtues in *Gurmat* and should be performed without ego. It is not only at institutional level but in every activity. Everything in our lives becomes *Sharing* and helping others in spreading the message of Guru Granth Sahib. Guru Arjan Ji compiled *Adi Granth,* contributed 2218 *Shabads* and installed it in Darbar Sahib, Amritsar.

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

Along with Langar of food, Guru started *Langar* of *Gur Shabd* (Spiritual teachings). There is never a deficiency in such a *Langar*. Guru Arjan Ji continued the *Seva* of building Ramdaspur and the *Sarovar*. He is credited with many social projects and reforms to help humanity through money donated by Sikhs.

## ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)



ਸ੍ਰ. ਜਸਵਿੰਦਰ ਸਿੰਘ ਰੁਪਾਲ

1 . ਸ਼ਬਦ ਨਾਲ ਨਿਰੰਕਾਰ, ਆਕਾਰ ਕੀਤੇ
ਇਹਦੇ ਨਾਲ ਹੀ ਰਚਿਆ ਜਹਾਨ ਸਾਡਾ।
ਗੁਪਤ ਨਾਮ ਪ੍ਰਗਟ ਹੋਵੇ ਸ਼ਬਦ ਵਿਚੋਂ,
ਖੰਡਾਂ ਅਤੇ ਬ੍ਰਹਿਮੰਡਾਂ ਦਾ ਗਿਆਨ ਸਾਡਾ।
ਚੰਚਲ ਮਨ ਦੀ ਭਟਕਣਾ ਮੁੱਕ ਜਾਵੇ,
ਸ਼ਬਦ ਵਿੱਚ ਲੱਗੇ ਕੇਰਾਂ ਧਿਆਨ ਸਾਡਾ।
ਅੰਤਰ-ਆਤਮੇ ਸ਼ਬਦ ਦੀ ਧੁਨ ਗੂੰਜੇ,
ਹੋਵੇ ਬੰਦ ਸਭ ਬਾਹਰੀ ਬਿਖਿਆਨ ਸਾਡਾ।

ਸੋਮਾ ਸ਼ਬਦ ਦਾ ਨੇ ਗੁਰੂ ਗ੍ਰੰਥ ਸਾਹਿਬ
ਇਹੀ ਦੀਨ ਹੈ ਇਹੀ ਈਮਾਨ ਸਾਡਾ।
ਚਰਨੀਂ ਏਸ ਦੇ ਸੀਸ ਝੁਕਾ ਲਈਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

2. ਜਗਤ-ਜਲ਼ਦਾ ਤੱਕ ਜਦ ਗੁਰੂ ਨਾਨਕ
ਬਾਬਾ ਨਿਕਲਿਆ ਇਹਨੂੰ ਉਧਾਰਨੇ ਲਈ।
ਸੋਹਣੇ ਸ਼ਬਦ ਰਚੇ ਪ੍ਰਭੂ-ਪ੍ਰੇਮ ਵਾਲੇ
ਏਸ ਬਾਣ ਨਾਲ ਜ਼ੁਲਮ ਨੂੰ ਮਾਰਨੇ ਲਈ।
ਚਹੁੰ ਦਿਸ਼ਾਵਾਂ ਚ ਕਰੀਆਂ ਉਦਾਸੀਆਂ ਜਾਂ,
ਸੀਨੇ ਤਪਦੇ ਲੁੱਛਦੇ ਠਾਰਨੇ ਲਈ।
ਜਿਥੋਂ ਕਿਤੋਂ ਵੀ ਮਿਲੀ ਸੀ ਭਗਤ ਬਾਣੀ,
ਕੱਠੀ ਕਰੀ ਸੀ ਜਗਤ ਦੇ ਤਾਰਨੇ ਲਈ।

ਗੱਦੀ ਦਿੰਦਿਆਂ ਲਹਿਣੇ ਨੂੰ ਦੇ ਪੋਥੀ,
ਕਿਹਾ ਸ਼ਬਦ ਹੈ ਗੁਣਾਂ ਦੀ ਖਾਨ ਸਾਡਾ।
ਚਹੰ ਪਾਸੇ ਨੇ ਗੂੰਜਦੇ ਬੋਲ ਤਾਹਿ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

3. ਨਾਨਕ ਜੋਤ ਦੂਜੀ ਵਾਗ ਸ਼ਬਦ ਵਾਲੀ,
ਅਮਰਦਾਸ ਜੀ ਤਾਈਂ ਸੰਭਾਲ ਦਿੱਤੀ।
ਕਰਨਾ ਸਿੱਖੀ ਦਾ ਸਦਾ ਪ੍ਰਚਾਰ ਰਹਿਣਾ,
ਪੋਥੀ ਸ਼ਬਦ ਵਾਲੀ ਓਹੀ ਨਾਲ ਦਿੱਤੀ।
ਬਾਣੀ ਰਚੀ ਤੀਜੇ ਚੌਥੇ ਗੁਰੂ ਸਾਹਿਬ,
ਪੰਜਵੇਂ ਪਾਤਸ਼ਾਹ ਘਾਲਣਾ ਘਾਲ ਦਿੱਤੀ।
ਉਹਨੂੰ ਦੇ ਕੇ ਤਰਤੀਬ ਗ੍ਰੰਥ ਰਚਿਆ
ਇਸ ਸੰਪਾਦਕ ਨੇ ਕਰ ਕਮਾਲ ਦਿੱਤੀ।

ਹਰੀਮੰਦਰ ਵਿੱਚ ਜਦੋ ਪ੍ਰਕਾਸ਼ ਹੋਇਆ,
ਧਰਤ ਮਉਲੀ ਤੇ ਟਹਿਕੇ ਅਸਮਾਨ ਸਾਡਾ।
ਏਸ ਸੂਰਜ ਨੇ ਚਾਨਣ ਖਿਲਾਰਿਆ ਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

4. ਸਿੱਖਾਂ ਤਾਈਂ ਸੀ ਗੁਰੂ ਗੋਬਿੰਦ ਜੀ ਨੇ,
ਪੜ੍ਹਨ ਲਿਖਣ ਦੀ ਆਦਤ ਬਣਾਈ ਸੋਹਣੀ।
ਸੁਬਹ ਸ਼ਾਮ ਵਿਚਾਰ ਦਰਬਾਰ ਸੋਹੰਦੇ,
ਬਾਣੀ ਉਹਨਾਂ ਨੂੰ ਯਾਦ ਕਰਾਈ ਸੋਹਣੀ।
ਨੌਂਵੇਂ ਪਾਤਸ਼ਾਹ ਨੇ ਜੋ ਸੀ ਰਚੀ ਬਾਣੀ,
ਆਦਿ ਗ੍ਰੰਥ ਵਿੱਚ ਗੁਰਾਂ ਚੜ੍ਹਾਈ ਸੋਹਣੀ।
ਜੀਹਦੇ ਨਾਲ ਸੰਪੂਰਨ ਗ੍ਰੰਥ ਹੋਇਆ,
ਮਨੀ ਸਿੰਘ ਤੋਂ ਬੀੜ ਲਿਖਵਾਈ ਸੋਹਣੀ।

ਕਿਹਾ ਏਸ ਨੂੰ ਸੀਸ ਨਿਵਾਇ ਕੇ ਤੇ,
ਸ਼ਬਦ ਗੁਰੂ ਹੀ ਸਦਾ ਪ੍ਰਧਾਨ ਸਾਡਾ।
ਇਹਦੀ ਜੋਤ ਤੋਂ ਜੋਤ ਜਗਾਓ ਸਾਰੇ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

5. ਏਸ ਗ੍ਰੰਥ ਅੰਦਰ ਬਾਣੀਕਾਰ ਪੈਂਤੀ,
ਐਪਰ ਸਭ ਨੇ ਦਿੱਤਾ ਸੰਦੇਸ਼ ਇੱਕੋ।
ਝਾਤ, ਧਰਮ ਇਲਾਕੇ ਸਭ ਵੱਖਰੇ ਨੇ,
ਮਿੱਠੇ ਬੋਲ ਜਿਉਂ ਬੋਲੇ ਦਰਵੇਸ਼ ਇੱਕੋ।
ਦੁਆਰ ਸੱਚ ਦੇ ਆਣ ਸਭ ਹੋਏ ਕਠੇ
ਇੱਕ ਮੰਦਰ ਤੇ ਉਹਦਾ ਪ੍ਰਵੇਸ਼ ਇੱਕੋ।
ਇੱਥੇ ਅੱਲ੍ਹਾ ਵੀ ਉਹੀ ਤੇ ਰਾਮ ਓਹੀ,
ਠਾਕੁਰ, ਬੀਠੁਲ, ਖੁਦਾ ਹਮੇਸ਼ ਇੱਕੋ।

ਅਸੀਂ ਇੱਕੋ ਅਕਾਲ ਦੀ ਜੋਤ ਸਾਰੇ,
ਇੱਕੋ ਸ਼ਬਦ ਹੀ ਪੁਰਾਣ ਕੁਰਾਨ ਸਾਡਾ।
ਇਹਨੂੰ ਖੋਜ ਕੇ ਬ੍ਰਹਮ ਨੂੰ ਪਾ ਲਈਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

6. ਜੀਵਨ ਜਿਊਣ ਦੀ ਜਾਚ ਗ੍ਰੰਥ ਦੱਸੇ,
ਸੇਵਾ, ਨਿਮਰਤਾ, ਸੂਝ ਸਿਖਾਏ ਸਾਨੂੰ।
ਕਰਮ ਕਾਂਡ ਪਾਖੰਡ ਤੋਂ ਕਰ ਉੱਚਾ,
ਇੱਕੋ ਨੂਰ ਦੇ ਪ੍ਰੇਮੀ ਬਣਾਏ ਸਾਨੂੰ।
ਦਿਲ ਚੋਂ ਮੈਲ ਵਿਕਾਰਾਂ ਦੀ ਕੱਢ ਕੇ ਤੇ,
ਕੁੰਦਨ ਵਾਂਗਰਾਂ ਪਿਆ ਲਿਸ਼ਕਾਏ ਸਾਨੂੰ।
ਝੂਠੇ ਜੱਗ ਦੇ ਨਸ਼ੇ ਤਿਆਗ ਕੇ ਤੇ,
ਲੜ ਨਾਮ ਦਾ ਇੱਕੋ ਫੜਾਏ ਸਾਨੂੰ।

ਹੁਕਮਨਾਮੇ ਤੋਂ ਦਿਨ ਆਰੰਭ ਹੋਵੇ,
ਪੂਰਾ ਹੋਏ ਹਰ ਦਿਲੀ ਅਰਮਾਨ ਸਾਡਾ।
ਦੇਹ ਧਾਰੀਆਂ ਨੂੰ ਮੱਥਾ ਟੇਕਣਾ ਨਹੀਂ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

7. ਸਿਦਕ ਧਾਰ ਕੇ ਗ੍ਰੰਥ ਨੂੰ ਪੜ੍ਹੇ ਜਿਹੜਾ,
ਰੱਬੀ ਧੁਨ ਉਹਦੇ ਦਿਲ ਵਿੱਚ ਵੱਜਦੀ ਏ।
ਸੁਰਤ ਜਾਏ ਖਿੱਚੀ ਨੈਣ ਬੰਦ ਹੋਵਣ,
ਮਾੜੀ ਬਿਰਤੀ ਫਿਰ ਆਪ ਹੀ ਭੱਜਦੀ ਏ।
ਮਿੱਠੀ ਜਿਹੀ ਆਨੰਦ ਦੀ ਹੋਏ ਬਾਰਸ਼,
ਪਿਆਸੀ ਜੁੱਗਾਂ ਦੀ ਰੂਹ ਹੁਣ ਰੱਜਦੀ ਏ।
ਸਹਿਜ ਵਿਚ ਵਿਸਮਾਦ ਦੀ ਬਣੀ ਚਾਦਰ,
ਪਾਪ-ਕਰਮ ਲੱਖਾਂ ਸਾਡੇ ਕੱਜਦੀ ਏ।

ਬਚਨ ਗੁਰਾਂ ਦੇ ਜਦੋਂ ਕਮਾਣ ਲੱਗੇ,
ਉਹਦੇ ਘਰ ਵਿਚ ਨਾਂ ਪ੍ਰਵਾਨ ਸਾਡਾ।
ਇਹਦੇ ਬਿਨਾਂ ਨਾ ਪਲ ਵੀ ਜੀਅ ਸਕੀਏ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

8. ਸ਼ਬਦ ਆਖਦਾ ਸੱਚ ਨੂੰ ਜਾਣ ਪਹਿਲਾਂ,
ਜੀਵਨ ਵਿਚ ਬਣਾ ਲੈ ਆਚਾਰ ਸੱਚਾ।
ਝੂਠੇ ਡਰ ਨੇ ਦਿਲੋਂ ਕਾਫ਼ੂਰ ਹੁੰਦੇ,
ਅੰਦਰ ਵੱਸ ਜਾਏ ਜਦੋਂ ਕਰਤਾਰ ਸੱਚਾ।
ਕਿਸੇ ਰਾਜ ਤੇ ਮੁਕਤੀ ਦੀ ਲੋੜ ਨਾਹੀ,
ਕਰਨਾ ਮਾਹੀ ਨਾਲ ਇਕੋ ਪਿਆਰ ਸੱਚਾ।
ਉਹਦੇ ਰੰਗ ਵਿੱਚ ਰੰਗਿਆ ਜਾਏ ਜੇਕਰ,
ਕੋਟ ਜਨਮ ਫਿਰ ਦਿੰਦਾ ਸਵਾਰ ਸੱਚਾ।

ਆਓ ਨਾਮ ਦੇ ਬੀਜੀਏ ਬੀਜ ਸਾਰੇ,
ਫੇਰ ਹੋਵੇਗਾ ਹਰ ਇੱਕ ਮੈਦਾਨ ਸਾਡਾ।
ਸਦਾ ਬਖਸ਼ਿਸ਼ਾਂ ਕਰਦਾਏ, ਕਰੇਗਾਵੀ,
ਗ੍ਰੰਥ ਗੁਰੂ ਹੈ ਗੁਰੂ ਮਹਾਨ ਸਾਡਾ।

9. ਗੁਰੂ ਬਣ ਕੇ ਉਦੋਂ ਤੋਂ ਅੱਜ ਤੀਕਰ,
ਇਹਨੇ ਕੀਤੀ ਹੈ ਰਹਿਨੁਮਾਈ ਸਾਡੀ।
ਸਦਾ ਕਿਰਤ ਕਰੀਏ ਕੁਝ ਵੰਡੀਏ ਵੀ,
ਹੋਈ ਜੱਗ ਵਿੱਚ ਖ਼ੂਬ ਵਡਿਆਈ ਸਾਡੀ।
ਸਾਦਾ ਰਹਿ ਕੇ ਹੋਰਾਂ ਦੇ ਕੰਮ ਆਉਣਾ,
ਸਤਿਗੁਰ ਬਚਨ ਦੀ ਇਹੋ ਕਮਾਈ ਸਾਡੀ।
ਬਾਣੀ ਧੁਰੋਂ ਅਕਾਲ ਨੇ ਆਪ ਭੇਜੀ,
ਚਿੰਤਾ ਜੜ੍ਹ ਤੋਂ ਇਸ ਨੇ ਮਿਟਾਈ ਸਾਡੀ।

ਸਦਾ ਮੰਗੀਏ ਭਲਾ ਸਰਬੱਤ ਵਾਲਾ,
ਤਦੇ ਹੌਂਸਲਾ ਬੜਾ ਬਲਵਾਨ ਸਾਡਾ।
ਰੋਮ ਰੋਮ ਤੋਂ ਇੱਕੋ ਪੁਕਾਰ ਉਠੇ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

10. ਜਿੱਥੇ ਜਿੱਥੇ ਵੀ ਹੋਵੇ ਪ੍ਰਕਾਸ਼ ਇਹਦਾ,
ਲੱਗਦੀ ਸ਼ਬਦ ਦੀ ਸਦਾ ਬਹਾਰ ਉੱਥੇ।
ਓਥੇ ਕਰਤੇ ਦੀ ਸਿਫਤ ਸਲਾਹ ਹੁੰਦੀ,
ਸੋਹਣੇ ਸਾਜਾਂ ਦੀ ਰਹੇ ਟੁਣਕਾਰ ਉੱਥੇ।
ਲੰਗਰ ਸਦਾ ਲਈ ਉੱਥੇ ਅਟੁੱਟ ਚੱਲਣ,
ਹਰ ਇੱਕ ਆਏ ਨੂੰ ਮਿਲੇ ਸਤਿਕਾਰ ਉੱਥੇ।
ਲੋੜਵੰਦ ਦੀ ਲੋੜ ਹਰ ਹੋਏ ਪੂਰੀ,
ਕਾਇਮ ਗੁਰੂ ਦੇ ਦੱਸੇ ਮਿਆਰ ਉੱਥੇ।

ਜਿੱਥੇ ਗ੍ਰੰਥ ਹੈ ਦੇਸ਼ ਵਿਦੇਸ਼ ਅੰਦਰ,
ਝੂਲੇ ਕੇਸਰੀ ਉੱਥੇ ਨਿਸ਼ਾਨ ਸਾਡਾ।
ਮਾਣ ਨਾਲ ਤੂੰ ਆਖ ਉੱਚੀ,
ਗੁਰੂ ਗ੍ਰੰਥ ਹੈ ਗੁਰੂ ਮਹਾਨ ਸਾਡਾ।

# ਅਰਦਾਸ ਵਿਚ ਕੀ ਮੰਗੀਏ

ਸਰਦਾਰਨੀ ਸੁਰਜੀਤ ਕੌਰ ਸਾਰੰਗ
ਨਵੀਂ ਦਿੱਲੀ 18 (੮੧੩੦੬੬੦੨੦੫)



ਅਰਦਾਸ ਕਰਦਿਆਂ ਹਮੇਸ਼ਾਂ ਹੀ ਇਹ ਕਹੀਏ :
"ਕਿਸ ਹੀ ਕੋਈ ਕੋਇ ਮੰਞ ਨਿਮਾਣੀ ਇਕੁ ਤੂੰ"। (ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੭੯੧)। ਕਿਸੇ ਦਾ ਕੋਈ, ਕਿਸੇ ਦਾ ਕੋਈ, ਪਰ ਮੇਰੇ ਗਰੀਬ ਦਾ ਤੇਰੇ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਸੱਚੀ ਮੁੱਚੀ ਉਦੋਂ ਗੁਰੂ ਬਾਂਹ ਫੜਦਾ ਹੈ।

ਅਰਦਾਸ ਦਾ ਜਨਮ ਸਾਡੇ ਜਨਮ ਤੋਂ ਪਹਿਲਾਂ ਹੋਇਆ ਹੈ । ਅਰਦਾਸ ਵਿਚ ਅਸੀਂ ਗੁਰੂ ਦੇ ਚਰਨਾਂ ਵਿਚੋਂ ਕੀ ਮੰਗੀਏ । ਧਨ ਮੰਗੋ, ਪਦਾਰਥ ਮੰਗੋ, ਪਰ ਇਹਨਾਂ ਨਾਲ ਕੁਝ ਬਣੇਗਾ। ਜੇ ਧਨ ਨਾ ਹੁੰਦਾ ਫਿਰ ਇਸ ਜੀਵਨ ਦਾ ਨਿਰਵਾਹ ਕਿਵੇਂ ਹੁੰਦਾ। ਇਹ ਉਸਨੇ ਜੀਵਨ ਦਾ ਜ਼ਰੀਆ ਬਣਾਇਆ ਹੈ। ਪਰ ਇਹ ਸਭ ਕੁਝ ਨਹੀਂ ਹੈ।

ਇੱਕ ਮਨਿਆਰੀ ਦੀ ਦੁਕਾਨ ਤੋਂ ਸੁਹਾਗਣ ਵੀ ਸ਼ਿੰਗਾਰ ਦਾ ਸਮਾਨ ਖਰੀਦਣ ਜਾਂਦੀ ਹੈ। ਇੱਕ ਵੇਸ਼ਵਾ ਵੀ ਖਰੀਦਣ ਜਾਂਦੀ ਹੈ। ਪਰ ਦੋਨਾਂ ਦੇ ਖਰੀਦਣ ਵਿਚ ਬੜਾ ਫ਼ਰਕ ਹੈ। ਦੁਕਾਨ ਵੀ ਇੱਕੋ ਤੇ ਪੈਸਾ ਵੀ ਇੱਕੋ। ਇਹੀ ਪੈਸਾ ਗੁਰੂ ਵਾਲੇ ਪਾਸੇ ਲਗੇਗਾ ਤਾਂ ਸੁਹਾਗਣ ਦਾ ਸ਼ਿੰਗਾਰ ਬਣੇਗਾ ਤੇ ਇਸੇ ਪੈਸੇ ਨੂੰ ਚੁੱਕ ਕੇ ਨਸ਼ੇ ਦੀਆਂ ਪੰਡਾਂ ਲੈਣ ਜਾਉਗੇ ਤਾਂ ਵੇਸ਼ਵਾ ਦਾ ਸ਼ਿੰਗਾਰ ਬਣੇਗਾ।

ਅਸੀਂ ਅਰਦਾਸ ਵਿਚ ਪਰਮਤਮਾ ਦਾ ਨਾਮ ਅਤੇ ਸਰਬੱਤ ਦਾ ਭਲਾ ਮੰਗੀਏ। ਆਪਣੀਆਂ ਭੁੱਲਾਂ ਬਖਸ਼ਾਈਏ। ਸੰਸਾਰ ਵਿਚ ਸ਼ਾਂਤੀ ਮੰਗੀਏ, ਸਭ ਦੇ ਚੰਗੇ ਕੰਮ ਪੂਰੇ ਹੁਣ ਇਹ ਬੇਨਤੀ ਕਰੀਏ।

ਭਾਈ ਨੰਦ ਲਾਲ ਤੇ ਜਿਸ ਦਿਨ ਹਜੂਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਰੁੱਠੇ ਤਾਂ ਕਹਿਣ ਲੱਗੇ ਨੰਦ ਲਾਲ ਕੁਝ ਮੰਗ। ਭਾਈ ਸਾਹਿਬ ਨੇ ਕਿਹਾ ਦੇ ਤਰੁੱਠੇ ਹੋ ਤਾਂ ਮੇਰੀ ਇਕ ਜੀਭ ਹੈ, ਰੋਮ ਬਹੁਤ ਹਨ। ਇਕ ਜੀਭ ਨਾਲ ਇਕ ਵਾਰੀ ਹੀ ਆਪ ਦਾ ਨਾਮ "ਧੰਨ ਗੁਰੂ ਗੋਬਿੰਦ ਸਿੰਘ ਜੀ" ਨਿਕਲਦਾ ਹੈ। ਤੁਸੀਂ ਮੇਰੇ ਸਾਰੇ ਰੋਮਾਂ ਤੇ ਜੀਭਾਂ ਲਗਾ ਦਿਓ, ਤਾ ਕਿ ਹਰ ਰੋਮ ਵਿਚੋਂ ਇਕ ਹੀ ਵਾਰ ਵਿਚ, ਲੱਖਾਂ ਵਾਰ ਆਪ ਦਾ ਨਾਮ ਨਿਕਲੇ, "ਧੰਨ ਗੁਰੂ ਗੋਬਿੰਦ ਸਿੰਘ ਜੀ"।

ਆਪਣੀ ਜ਼ਿੰਦਗੀ ਦੇ ਮਨੋਰਥ ਨੂੰ ਸਮਝੋ। ਸਾਰਿਆਂ ਨੇ ਪਰਮਾਤਮਾ ਦੇ ਘਰ ਜਾਣਾ ਹੈ। ਨਾ ਪੁੱਤਰ ਨਾ ਧੀਆਂ, ਨਾ ਮਾਪੇ, ਕਿਸੇ ਨੇ ਨਾਲ ਨਹੀਂ ਜਾਣਾ। ਅਖੀਰ ਗੁਰੂ ਦੀ ਮਿਹਰ ਹੀ ਸਹਾਈ ਹੋਵੇਗੀ। ਆਪਣੀ ਆਪਣੀ ਜ਼ਿੰਦਗੀ ਨੂੰ ਸੰਭਾਲੋ। ਇਹ ਜਿੰਦਗੀ ਬਹੁਤ ਕੀਮਤੀ ਹੈ। ਬਾਣੀ ਪੜ੍ਹੋ, ਸਮਝੋ ਅਤੇ ਗੁਰੂ ਦੀ ਸਿੱਖਿਆ ਤੇ ਅਮਲ ਕਰੋ। ਇਸ ਦੇ ਬਿਨਾ ਸਭ ਵਿਅਰਥ ਹੈ। ਹਰ ਵੇਲੇ ਪਰਮਾਤਮਾ ਨੂੰ ਯਾਦ ਰਖ ਕੇ ਅਰਦਾਸ ਕਰੋ। ਗੁਰੂ ਦੇ ਉਪਦੇਸ਼ ਨਾਲ ਜੁੜੇ ਰਹਿ ਕੇ ਅਰਦਾਸ ਕਰਾਂਗੇ ਤਾਂ ਉਹ ਜ਼ਰੂਰ ਮੇਹਰ ਕਰੇਗਾ।

## Dress, Fashion and Wastage

ਸਿਰੀਰਾਗੁ ਮਹਲਾ-1 ॥(16)॥ ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥1॥ ਰਹਾਉ ॥

**Gurbani** exhorts us not to wear clothes which cause discomfort, ruin the body and produce evil thoughts. The Fashion Industry attracts consumers to impulse buys as 'latest' fashions, irrespective of their impact on health and morality. Often low-quality fabrics are produced to maximize profits. The physical effects are determined by the fiber – *natural* or *synthetic* – the moral aspect depends on whether our clothes save us from the vagaries of nature or expose us to evil effects of fashions on our minds.

**Natural fibers** are obtained from cotton, flex, jute, plant leaves, coconut, wool and silk, Some are from natural cellulose, proteins, sugars and rubbers. Being free of any chemicals these natural fibers are better for health than those based on low-quality, cheaper synthetic polymers like vinyls, nylons and polyesters. Natural fibers dominated up to mid-1990s, then human-made fibers took over. Synthetic clothes contain above 60 % polyesters in global fashion clothing today, while cotton has receded to about 20 % of the market.

**Global Wastage of Textile Fibers** is huge, being about a million tons every year but it is ignored by people crazy about fashions. Enormous quantities are discarded annually when new designs of fashionable clothes are introduced, bringing quickly new trends.. The Fashion Industry has little transparency. It needs millions of liters of water and other inputs. Even additional cotton for the new fashions requires about 2 % of additional arable land. Textiles now contain plastic derived from fossil fuels, more than the microplastics in the oceans that are shed from clothing. They generate up to 10 % of global greenhouse gases (GHG) emissions—more than the aviation and shipping industries combined. Millions of low-paid garment workers toil in unsafe conditions. *Donation shops* have large volumes of low-quality garments which are exported or thrown away. Some companies are repairing or repurposing the synthetic "fashion" clothes for use by the poor whose health only gets worse due to them.

(Prof Surjit Singh Bhatti)

## We are proud of them

### ਡਾ. ਸਰਦਾਰ ਬਲਜੀਤ ਸਿੰਘ ਗਿੱਲ ਕੈਨੇਡਾ ਦੀ ਸਸਕੈਚਵਨ ਯੂਨੀਵਰਸਿਟੀ ਦੇ ਨਵੇਂ ਵਾਈਸ-ਪ੍ਰੈਜ਼ੀਡੈਂਟ (ਰਿਸਰਚ) ਬਣੇ




ਡਾ. ਬਲਜੀਤ ਸਿੰਘ ਗਿੱਲ ਨੂੰ ਇਹ ਖੋਜ ਦੇ ਕੰਮਾਂ ਦੀ ਅਗਵਾਈ ਕਰਨ ਵਾਲਾ ਸਭ ਤੋਂ ਉੱਚਾ ਅਹੁਦਾ ਮਿਲਿਆ ਹੈ। ਡਾ. ਗਿੱਲ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ BVSc and AH, ਅਤੇ MVSc ਦੀ ਪੜ੍ਹਾਈ ਕੀਤੀ ਹੈ। ਫਿਰ ਗੁਏਲਫ ਯੂਨੀਵਰਸਿਟੀ ਤੋਂ PhD ਅਤੇ ਅਮਰੀਕਾ ਤੋਂ Post-Doctorate Fellowship (PDF) ਪ੍ਰਾਪਤ ਕੀਤੀ। ਡਾ. ਗਿੱਲ ਕੈਲਗਰੀ ਯੂਨੀਵਰਸਿਟੀ ਦੇ Veterinary Medicine ਦੇ ਡੀਨ ਵੀ ਰਹੇ ਹਨ।

ਉਹਨਾਂ ਦਾ ਖੋਜ ਕਾਰਜ ਮੁੱਖ ਤੌਰ 'ਤੇ ਫੇਫੜਿਆਂ ਦੀ ਸੋਜਸ਼ (Lung Inflammation) ਦੀ ਸੈੱਲ ਅਤੇ ਅਣੂ ਜੀਵ ਵਿਗਿਆਨ (Cell and molecular biology) 'ਤੇ ਕੇਂਦ੍ਰਿਤ ਰਿਹਾ ਹੈ। ਉਨ੍ਹਾਂ ਨੇ 135 ਤੋਂ ਵੱਧ ਖੋਜ ਪੱਤਰ ਅਤੇ ਕਿਤਾਬਾਂ ਲਿਖੀਆਂ ਹਨ। ਡਾ. ਗਿੱਲ ਨੂੰ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਕੈਨੇਡਾ ਦਾ ਸਰਵਉੱਚ ਅਧਿਆਪਨ ਸਨਮਾਨ ਵੀ ਸ਼ਾਮਲ ਹੈ। ਉਨ੍ਹਾਂ ਨੇ 100 ਤੋਂ ਵੱਧ ਵਿਦਿਆਰਥੀਆਂ ਦੀ ਖੋਜ ਸਿਖਲਾਈ ਦੀ ਨਿਗਰਾਨੀ ਕੀਤੀ ਹੈ ਅਤੇ ਖੋਜ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

### Dr. Jaskaran Singh : Best Teacher Award by McGill University

Dr. Singh teaches Engineering and Environmental Sciences, has done significant research at McGill and other Canadian institutions.



He was recognized with a grant from the Brain Canada Rising Stars Awards, supporting his research at *Institut National de la Recherche Scientifique* (INRS). It is a notable academic honor to his activities in Montreal.

**Carrying on the Torch of Guru Nanak's Teachings**

**By the 19th Generation of the Noble Family of**

**Rai Bular Bhatti of Talwandi**

**(Now Nankana Sahib, in Pakistan)**

**Rai Bular Bhatti** was a landowner of Talwandi, now known as Nankana Sahib. He was among the first few who recognized Baba Guru Nanak's Divinity and Spirituality and became his devotee. Rao Bular Sahib donated nearly half of his land, over 18,500 acres, to support Guru Nanak's Spiritual Mission. At Nankana Sahib, Guru Nanak's Spiritual Teachings are recited daily in a Historic Gurdwara.

The passage was opened with the co-operation of the Government of India. Rai Bular's portrait is installed in Darbar Sahib's Museum at Amritsar. Rai Bilal Akram, the 19th generation descendant of Rai Bular Sahib, upholds this noblefamily's historical connection with Baba Guru Nanak and a Spiritual bond. He visited Calgary (Canada) during May / June 2025.



## ਰੱਖੜੀ ਅਤੇ ਗੁਰਮਤਿ

ਸਰਦਾਰ ਸੁਖਜੀਤ ਸਿੰਘ, ਕਪੂਰਥਲਾ (ਪੰਜਾਬ) - 98720-76876

ਗੂਗਲ ਤੋਂ ਮਿਲਦੀ ਜਾਣਕਾਰੀ ਅਨੁਸਾਰ ਰੱਖੜੀ ਵਾਲੇ ਧਾਗੇ ਨੂੰ ਭੈਣਾਂ ਵੱਲੋਂ ਭਰਾਵਾਂ ਦੇ ਗੁੱਟ ਤੇ ਬੰਨਣ ਦੀ ਸ਼ੁਰੂਆਤ 1530 ਈਸਵੀ ਵਿੱਚ ਹੋਈ।

ਜਦੋਂ ਚਿਤੌੜ ਦੇ ਸ਼ਾਸਕ ਰਾਣਾ ਸਾਂਗਾ ਦੀ ਮੌਤ ਉਪਰੰਤ ਉਸ ਦੇ ਤਖਤ ਤੇ ਬੈਠੀ ਉਸਦੀ ਰਾਣੀ ਪਦਮਾਵਤੀ ਨੂੰ ਆਪਣੇ ਰਾਜ ਤੇ ਹਮਲਾ ਕਰਨ ਲਈ ਚੜ੍ਹ ਕੇ ਆ ਰਹੇ ਹਮਾਯੂੰ ਨੂੰ ਤਸ਼ਤਰੀ ਵਿਚ ਧਾਗੇ ਦੇ ਨਾਲ ਚਿੱਠੀ ਲਿਖ ਕੇ ਅੱਗਲਵਾਂਢੀ ਭੇਜੀ । ਜਿਸ ਵਿੱਚ ਰਾਣੀ ਪਦਮਾਵਤੀ ਨੇ ਹਮਾਯੂੰ ਨੂੰ ਲਿਖਿਆ ਕਿ ਮੈਂ ਤੁਹਾਡੀ ਭੈਣਾਂ ਵਰਗੀ ਹਾਂ, ਮੇਰੇ ਰਾਜ ਤੇ ਹਮਲਾ ਨਾ ਕੀਤਾ ਜਾਵੇ।

ਕਹਿੰਦੇ ਇਸ ਚਿੱਠੀ ਨੂੰ ਪੜ੍ਹ ਕੇ ਹਮਾਯੂੰ ਹਮਲਾ ਕਰਨ ਤੋਂ ਬਗ਼ੈਰ ਹੀ ਵਾਪਸ ਮੁੜ ਗਿਆ ਸੀ। ਇਹ ਘਟਨਾ 1530 ਈਸਵੀ ਦੀ ਹੈ ਜਿਸ ਤੋਂ ਰੱਖੜੀ ਦੀ ਸ਼ੁਰੂਆਤ ਹੋਈ। ਦੂਜੇ ਪਾਸੇ ਬੇਬੇ ਨਾਨਕੀ ਜੀ ਵੱਲੋਂ ਆਪਣੇ ਛੋਟੇ ਵੀਰ ਗੁਰੂ ਨਾਨਕ ਸਾਹਿਬ ਜੀ ਦੇ ਗੁੱਟ ਤੇ ਰੱਖੜੀ ਬੰਨ੍ਹਣ ਵਾਲੀ ਪ੍ਰਚਲਿਤ ਕਾਲਪਨਿਕ ਫੋਟੋ ਇਤਿਹਾਸ ਅਨੁਸਾਰ ਬਿਲਕੁਲ ਝੂਠ ਹੈ ਕਿਉਂਕਿ ਬੇਬੇ ਨਾਨਕੀ ਜੀ ਦਾ ਅਕਾਲ ਚਲਾਣਾ 1518 ਈਸਵੀ ਵਿੱਚ ਹੋ ਗਿਆ ਸੀ। ਕਈ ਸਵਾਲ ਕਰਦੇ ਹਨ ਕਿ ਬਾਬਾ ਬਕਾਲਾ ਸਾਹਿਬ ਦੀ ਧਰਤੀ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਇਸ ਅਸਥਾਨ ਤੇ ਸਥਿਤ ਗੁਰਦੁਆਰਾ ਸਾਹਿਬ ਵਿੱਚ ਰੱਖੜ ਪੁੰਨਿਆਂ ਦਾ ਸਲਾਨਾ ਜੋੜ ਮੇਲਾ ਕਿਉਂ ਮਨਾਇਆ ਜਾਂਦਾ ਹੈ ?

ਪ੍ਰੋਫੈਸਰ ਸਾਹਿਬ ਸਿੰਘ ਜੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਇਤਿਹਾਸ ਦੀ ਲਿਖੀ ਹੋਈ ਪੁਸਤਕ ਵਿੱਚ ਲਿਖਿਆ ਹੈ ਕਿ ਜਿਸ ਦਿਨ ਭਾਈ ਮੱਖਣ ਸ਼ਾਹ ਜੀ ਨੇ 22 ਗੁਰੂ ਬਣ ਬੈਠੇ ਪਖੰਡੀਆਂ ਦੇ ਪਖੰਡ ਦਾ ਭਾਂਡਾ ਚੌਰਾਹੇ ਵਿੱਚ ਭੰਨਦੇ ਹੋਏ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲਾ ਦੀ ਧਰਤੀ ਤੇ ਪ੍ਰਗਟ ਕੀਤਾ ਗਿਆ ਸੀ। ਇਸ ਦਿਨ ਸਾਵਣ ਮਹੀਨੇ ਦੀ ਪੂਰਨਮਾਸ਼ੀ ਸੀ।

ਇਸ ਉਪਰੋਕਤ ਦਰਸਾਏ ਗਏ ਇਤਿਹਾਸ ਨੂੰ ਸਨਮੁੱਖ ਰੱਖਦੇ ਹੋਏ ਇਸ ਦਿਹਾੜੇ ਨੂੰ "ਰੱਖੜ ਪੁੰਨਿਆਂ" ਦੇ ਨਾਮ ਹੇਠ ਮਨਾਉਣ ਦੀ ਬਜਾਏ “ਸਾਚਾ ਗੁਰ ਲਾਧੋ ਰੇ” ਦਿਵਸ ਦੇ ਨਾਮ ਹੇਠ ਮਨਾਉਣ ਦੀ ਜ਼ਰੂਰਤ ਹੈ ।

ਖਾਲਸੇ ਦੇ ਨਿਆਰੇਪਨ ਨੂੰ ਹਰ ਹਾਲਤ ਵਿੱਚ ਕਾਇਮ ਰੱਖਣ ਲਈ ਗੁਰੂ ਸਾਹਿਬ ਦੀ ਚਿਤਾਵਨੀ ਯਾਦ ਰੱਖੀਏ ਜੀ :

ਜਬ ਲਗੁ ਖ਼ਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹੇ ਬਿਪਰਨ ਕੀ ਰੀਤ।
ਮੈਂ ਨ ਕਰਉਂ ਇਨ ਕੀ ਪ੍ਰਤੀਤ।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ** ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ 'ਵਿਸ਼ਵ ਪੰਜਾਬੀ ਕਵੀ ਸਭਾ' ਦੇ ਸਕੱਤਰ ਅਤੇ 'ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ' ਦੇ ਜਨਰਲ ਸਕੱਤਰ ਹਨ। ਕਈ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਤੋਂ ਦੋ ਵਾਰ, ਭਾਰਤ ਅਤੇ ਸਾਹਿਤ ਸਭਾਵਾਂ ਤੋਂ ਕਈ ਵਾਰ ਸਨਮਾਨ ਮਿਲੇ ਹਨ। 'ਭਾਈ ਵੀਰ ਸਿੰਘ' ਅਵਾਰਡ ਵੀ ਮਿਲਿਆ।

**ਸਰਦਾਰ ਜਸਵਿੰਦਰ ਸਿੰਘ ਰੂਪਾਲ** ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਦੀਆਂ 30 ਸਾਂਝੀਆਂ ਪੁਸਤਕਾਂ ਅਤੇ ਆਪਣੀਆਂ ਦੋ ਪੁਸਤਕਾਂ ਛਾਪੀਆਂ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। (rupaljs@gmail.com).

**ਡਾ. ਸਰਦਾਰ ਕਾਬਲ ਸਿੰਘ** ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰ ਕੇ ਸਮਕਾਲੀ ਮਸਲਿਆਂ ਬਾਰੇ ਲਿਖਦੇ ਹਨ।

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ ਐਮ.ਏ. ਕਰ ਕੇ ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਅਤੇ ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ। ਇੱਕ ਮੈਗਜ਼ੀਨ "ਜੋਤ ਤੇ ਜੁਗਤ" ਅਤੇ ਚਾਰ ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

**ਸਰਦਾਰ ਕਰਮਜੀਤ ਸਿੰਘ ਨੂਰ** 2008 ਵਿੱਚ 'ਐਕਸੀਅਨ' ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਭਾਰਤ ਅਤੇ ਵਿਦੇਸ਼ਾਂ ਵਿਚ ਕਵੀ ਦਰਬਾਰਾਂ ਵਿਚ ਅਨੇਕਾਂ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿੱਤਾ ਗਿਆ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ।

**ਡਾ: ਸਰਦਾਰ ਕਾਲਾ ਸਿੰਘ** ਦੀ ਮਾਨਸਿਕ ਸਿਹਤ ਬਾਰੇ ਖੋਜ "ਸਪਿਰਿਚੁਅਲਿਟੀ ਐਂਡ ਹੈਲਥ ਇੰਟਰਨੈਸ਼ਨਲ" ਅਤੇ ਇੱਕ ਕਿਤਾਬ "ਗੁਰਮਤਿ ਸਿਧਾਂਤ" (ਭਾਗ-1, (ਅਮਓਜ਼ੋਨ) ਵਿਚ ਪ੍ਰਕਾਸ਼ਿਤ ਹੈ। ਉਨ੍ਹਾਂ ਨੂੰ ਬ੍ਰਿਟਿਸ਼ ਪਾਰਲੀਮੈਂਟ ਨੇ ਭਾਰਤੀਆਂ ਦੀ ਗਲੋਬਲ ਕਨਵੈਨਸ਼ਨ ਵਿੱਚ ਪ੍ਰਵਾਸੀ "ਰਤਨ ਅਵਾਰਡ" ਦਿੱਤਾ ਸੀ। ਉਹ ਬੀ. ਸੀ. (ਕੈਨੇਡਾ) ਦੀ ਮਲਟੀ-ਫੇਥ ਕੌਂਸਲ ਦੇ ਕਾਰਜਕਾਰੀ ਮੈਂਬਰ (ਸਕੱਤਰ) ਹਨ।

**Sardarni Gurnam Kaur** has M.A. in Punjabi and M. Phil. in Library and Information science,.. Retired as Professional Assistant from Punjabi University, Patiala's Regional Centre at Bathinda.

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ : ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ ਲਿਖਤਾਂ (ਸਮੀਖਿਆ ਕਰਕੇ) ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ Times New Roman (14 ਫੌਂਟ) ਵਿਚ ਹੋਵੇ ਜੀ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ, (ਚਾਹੁਣ ਤਾਂ ਪਾਸਪੋਰਟ ਸਾਈਜ਼ ਦੀ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਆਪਣੀ ਸੰਖੇਪ ਜਾਣਕਾਰੀ ਦੇਣ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਤਿੰਨ ਪੰਨਿਆਂ ਤਕ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਬਹੁਤੇ ਲੰਬੇ ਲੇਖ ***sanjihivrasat.org*** ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '***Copyright Infringement***' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦੱਸਣਾ ਜ਼ਰੂਰੀ ਹੈ ਜੀ।

## Important Information for Authors

1. Magazine Policy : To Promote Punjabi Culture, History and Heritage
   : Secular, Non-Political, Articles/Poems, after Review
2. Editorial Board : Will not be responsible for views of Authors / Poets.
3. Font preferred 14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction, Give Phone, E-mail, or WhatsApp. (photo - optional)
7. Maximum : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy -Right (CR) : Authors will ensure there is 'No CR' Infringement.
10. References : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (*Sanjhi Virasat*)

| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸ਼ਲਾਹਕਾਰ

| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

# ਐਡੀਟੋਰੀਅਲ ਬੋਰਡ




ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਸ੍ਰ. ਜਸਵਿੰਦਰ ਸਿੰਘ ਰੁਪਾਲ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

# ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ